# ਰੇਡੀਓ ਲਵੀਵਾਰ: ਜਲਵਾਯੂ ਬਦਲਾਅ – ਕਿਉਂ ਬਦਲ ਰਹੀ ਹੈਂ ਫਿਜ਼ਾਏਂ
## ਕੜੀ ਨੰ. 23
## ਗਰਮਾਉਂਦੀ ਧਰਤੀ, ਬਦਲਦੀਆਂ ਬੀਮਾਰੀਆਂ

(Global Warming and Changing Diseases)

ਮੁੱਖ ਖੋਜ ਤੇ ਲੇਖਣ: ਡਾ. ਅਰਵਿੰਦ ਦੂਬੇ

ਪੰਜਾਬੀ ਰੁਪਾਂਤਰ ਤੇ ਖੋਜ: ਭਾਰਤ ਗਿਆਨ ਵਿਗਿਆਨ ਸੰਮਤੀ, ਪੰਜਾਬ ਤੇ ਚੰਡੀਗੜ੍ਹ

(In this episode we shall explain the impact of the phenomenon of global warming, on human health in number of ways directly and indirectly by way of a dialogue in a family. Global warming, by turning fertile land into marshland by rising sea level, will pose a direct threat to human nutrition due to reduction in agricultural land. Increase in temperature will facilitate the development of disease carrying arthropods or vectors that will carry more number of parasitic organisms per vector. Natural ranges of the disease causing organisms shall also extend and those regions of the globe shall become habitable, which were previously uninhabitable for parasites. Emergence of malaria in Highland regions of East Africa is a good example. These climatic changes will make life cycles of these vectors and parasites shorter and may make diseases more serious. Few new diseases may emerge. Many previously eloped diseases may reappear. Dengue, Ebola, Zika virus disease are the new editions. Anthrax and Cholera are reappearing. Some benign diseases are causing epidemics and have potential to cause a pandemic. In the episode, Vasudha bhabhi is distress by the news of her brother's illness, who is serving in Kenya and is down with the Malaria).

(ਇਸ ਕੜੀ ਵਿੱਚ ਇੱਕ ਪਰਿਵਾਰਕ ਚਰਚਾ ਕਰਦੇ ਹੋਏ ਅੱਜ ਅਸੀਂ ਆਲਮੀ ਤਪਸ਼ ਦੇ ਵਰਤਾਰੇ ਦੇ ਮਨੁੱਖੀ ਸਿਹਤ ‘ਤੇ ਪੈਂਦੇ ਸਿੱਧੇ ਅਤੇ ਅਸਿੱਧੇ ਪ੍ਰਭਾਵਾਂ ਬਾਬਤ ਵਿਚਾਰ ਪੇਸ਼ ਕਰਾਂਗੇ। ਆਲਮੀ ਤਪਸ਼ ਕਾਰਨ ਸਮੁੰਦਰਾਂ ਦੇ ਜਲ ਪੱਧਰ ਵਿੱਚ ਵਾਧੇ ਕਾਰਨ ਇਸ ਧਰਤੀ ਉਪਰ ਜਰਖੇਜ ਜ਼ਮੀਨ ਦੇ ਦਲਦਲਾਂ ਬਣ ਜਾਣ ਕਰਕੇ ਮਨੁੱਖੀ ਆਹਾਰ ਦੀ ਸਮੱਸਿਆ ਪੈਦਾ ਹੋ ਜਾਵੇਗੀ। ਤਾਪਮਾਨ ਵਧਣ ਨਾਲ ਬਿਮਾਰੀਆਂ ਪੈਦਾ ਕਰਨ ਵਾਲੇ ਅਤੇ ਜਰਮਾਂ ਤੇ ਰੋਗਾਣੂਆਂ ਦੇ ਵਾਹਕ ਕੀਟ ਪਤੰਗੇ ਵੱਧ ਜਾਣਗੇ ਅਤੇ ਪ੍ਰਤੀ ਕੀਟ ਜਿਆਦਾ ਜਰਮ ਜਾਂ ਵਿਸ਼ਾਣੂ ਲੈ ਕੇ ਜਾਣ ਦੀ ਸਮਰਥਾ ਵਿਕਸਿਤ ਹੋ ਜਾਵੇਗੀ। ਬਿਮਾਰੀਆਂ ਪੈਦਾ ਕਰਨ ਵਾਲੇ ਜੀਵਾਣੂਆਂ ਦਾ ਧਰਾਤਲ ਤੇ ਕੁਦਰਤੀ ਪਸਾਰਾ ਹੋਰ ਵਿਸ਼ਾਲ ਪੱਧਰ ‘ਤੇ ਹੋ ਜਾਵੇਗਾ ਤੇ ਧਰਤੀ ਦੇ ਉਹ ਖੇਤਰ ਵੀ ਜਿਹੜੇ ਪਹਿਲਾਂ ਵਾਹਕ ਕੀਟਾਂ ਦੇ ਰਹਿਣ ਲਈ ਮੁਆਫਿਕ ਨਹੀਂ ਸਨ ਰਹਿਣਯੋਗ ਬਣ ਜਾਣਗੇ। ਪੂਰਬੀ ਅਫਰੀਕਾ ਦੀਆਂ ਚੋਟੀਆਂ ਉਪਰ ਮਲੇਰੀਆ ਦਾ ਫੈਲਣਾ ਇੱਕ ਸਟੀਕ ਮਿਸਾਲ ਹੈ। ਜਲਵਾਯੂ ਦੇ ਇਹ ਬਦਲਾਅ ਇਨ੍ਹਾਂ ਵਾਹਕਾਂ ਅਤੇ ਪਰਜੀਵੀਆਂ ਦੇ ਜੀਵਣ ਚੱਕਰ ਨੂੰ ਛੋਟਾ ਕਰਕੇ ਬਿਮਾਰੀਆਂ ਨੂੰ ਹੋਰ ਭਿਆਨਕ ਬਣਾ ਦੇਣਗੇ। ਕਈ

ਨਵੀਂਆਂ ਬਿਮਾਰੀਆਂ ਵੀ ਪੈਦਾ ਹੋ ਸਕਦੀਆਂ ਹਨ। ਕਈ ਅਲੋਪ ਹੋ ਚੁਕੀਆਂ ਬਿਮਾਰੀਆਂ ਮੁੜ ਸਿਰ ਚੁੱਕ ਸਕਦੀਆਂ ਹਨ। ਡੈਂਗੂ, ਈਬੋਲਾ ਤੇ ਜ਼ੀਕਾ ਵਿਸ਼ਾਣੂ ਬਿਮਾਰੀਆਂ ਨਵੇਂ ਵਾਧੇ ਹਨ। ਐਂਥਰੈਕਸ ਤੇ ਹੈਜਾ ਮੁੜ ਸਿਰ ਉਠਾ ਰਹੇ ਹਨ। ਕਈ ਬਿਮਾਰੀਆਂ ਮਹਾਮਾਰੀਆਂ ਦਾ ਰੂਪ ਧਾਰਨ ਕਰ ਰਹੀਆਂ ਹਨ ਅਤੇ ਸਾਰੀ ਦੁਨੀਆ ਵਿੱਚ ਪੈਰ ਪਸਾਰਨ ਦੀ ਸਮਰਥਾ ਰੱਖਦੀਆਂ ਹਨ। ਇਸ ਕੜੀ ਵਿੱਚ ਇਹ ਵਰਤਾਰਾ ਇੱਕ ਕਹਾਣੀ ਰਾਹੀਂ ਪ੍ਰਗਟ ਹੁੰਦਾ ਹੈ ਜਿਸ ਵਿੱਚ ਵਸੁੰਧਰਾ ਭਾਬੀ ਨੂੰ ਆਪਣੇ ਭਰਾ ਦੀ ਬਿਮਾਰੀ ਦਾ ਫਿਕਰ ਸਤਾ ਰਿਹਾ ਹੈ ਜਿਹੜਾ ਕੀਨੀਆ ਵਿੱਚ ਕੰਮ ਕਰਦਾ ਹੈ ਅਤੇ ਮਲੇਰੀਏ ਨਾਲ ਮੰਜੇ 'ਤੇ ਪਿਆ ਹੈ)।

**ਪਾਤਰ**

**ਔਰਤ ਸੂਤਰਧਾਰ**

**ਮਰਦ ਸੂਤਰਧਾਰ**

**ਕਲਿਆਣੀ** ਲੜਕੀ

**ਵਰਿੰਦਰ** ਲੜਕਾ

**ਸਾਗਰ** ਕਲਿਆਣੀ ਤੇ ਵਰਿੰਦਰ ਦਾ ਪਿਤਾ/ਪਾਪਾ

**ਵਸੁਧਾ** ਕਲਿਆਣੀ ਤੇ ਵਰਿੰਦਰ ਦੀ ਮਾਂ

**ਸ਼ੇਖਰ** ਸਾਗਰ ਦਾ ਦੋਸਤ ਡਾਕਟਰ; ਜ਼ਿਲ੍ਹਾ ਮਲੇਰੀਆ ਅਧਿਕਾਰੀ

**ਸ਼ੁਰੂਆਤੀ ਐਲਾਨ**

(ਸਿਰਲੇਖ ਗੀਤ ਦਾ ਸੰਗੀਤ-ਟ੍ਰੈਕ ਸੁਣਾਇਆ ਜਾਵੇਗਾ)

ਜਲਵਾਯੂ ਬਦਲਾਅ, ਕਿਉਂ ਬਦਲ ਰਹੀ ਹੈਂ ਫਿਜ਼ਾਏਂ ……

(ਸੰਗੀਤ…)

**ਐਲਾਨ** : ਆਲ ਇੰਡੀਆ ਰੇਡਿਓ ਵੱਲੋਂ ਵਿਗਿਆਨ-ਪ੍ਰਸਾਰ ਦੇ ਸਹਿਯੋਗ ਨਾਲ ਪੇਸ਼ ਹੈ, **ਵਿਗਿਆਨ** ਲੜੀਵਾਰ **"ਕਿਉਂ ਬਦਲ ਰਹੀ ਹੈਂ ਫਿਜ਼ਾਏਂ" ਦੀ ਤੇਈਵੀਂ ਕੜੀ 'ਗਰਮਾਉਂਦੀ ਧਰਤੀ, ਬਦਲਦੀਆਂ ਬੀਮਾਰੀਆਂ'!**

(ਸਿਰਲੇਖ ਗੀਤ ਦਾ ਸੰਗੀਤ…)

**ਔਰਤ ਸੂਤਰਧਾਰ** : ਹਾਂ, ਪਿਆਰੇ ਸ੍ਰੋਤਿਓ …ਵਿਗਿਆਨ ਲੜੀਵਾਰ **"ਕਿਉਂ ਬਦਲ ਰਹੀ ਹੈਂ ਫਿਜ਼ਾਏਂ"** ਦੀ ਤੇਈਵੀਂ ਕੜੀ ਵਿੱਚ ਨਿੱਘਾ ਸੁਆਗਤ ਹੈ। ਜੀ ਆਇਆਂ ਨੂੰ! ਸਤਿ ਸ੍ਰੀ ਅਕਾਲ! ਨਮਸਤੇ!

**ਮਰਦ ਸੂਤਰਧਾਰ** : ਹਾਂ! ਪਿਛਲੀ ਕੜੀ **"ਆਲਮੀ ਤਪਸ਼ ਦੇ ਰਿਫਿਊਜੀ"** ਵਿੱਚ ਸੁਣੀ ਸੀ ਕਹਾਣੀ ਅਸੀਂ ਕਿ ਸਾਡੀ ਇਸ ਧਰਤੀ ਦੇ ਉਪਰ ਵਧ ਰਹੇ ਤਾਪਮਾਨ ਨਾਲ ਕਿਵੇਂ ਪੈ ਰਹੇ ਨੇ ਪ੍ਰਭਾਵ ਇਥੋਂ ਦੇ ਜਨ ਜੀਵਣ 'ਤੇ।

**ਔਰਤ ਸੂਤਰਧਾਰ** : ਬਿਆਨ ਕੀਤਾ ਸੀ ਕਿ ਇਸ ਵਧਦੇ ਤਾਪਮਾਨ ਕਾਰਨ ਸਮੁੰਦਰਾਂ ਦੇ ਜਲ ਪੱਧਰ ਦੇ ਉਚਾ ਹੋਣ ਨਾਲ ਤਾਂ ਸੈਂਟਰਲ ਅਮਰੀਕਾ ਜਿਹੜੀ ਦੋਵੇਂ ਪਾਸਿਆਂ ਤੋਂ ਸਮੁੰਦਰ ਨਾਲ ਘਿਰਿਆ ਹੈ ਜਲ ਮਗਨ ਹੁੰਦਾ ਜਾਵੇਗਾ ਤੇ ਉਥੋਂ ਦੀ ਬਹੁ ਗਿਣਤੀ ਆਬਾਦੀ ਉਜੜ ਕੇ ਪਲਾਇਣ ਕਰਦੀ ਜਾਵੇਗੀ, ਮੈਕਸੀਕੋ ਦੀ ਉਜੜਦੀ ਆਬਾਦੀ ਨੂੰ ਅਮਰੀਕਾ ਦੀ ਦੀਵਾਰ ਕਿਵੇਂ ਰੋਕ ਸਕੇਗੀ?

**ਮਰਦ ਸੂਤਰਧਾਰ** : ਸੁਣਿਆ ਸੀ ਤੁਸੀਂ! ਕਿ ਇਨ੍ਹਾਂ ਹੀ ਕਾਰਨਾਂ ਕਰਕੇ ਬੰਗਲਾ ਦੇਸ਼ ਦੀ ਬਹੁਤ ਸਾਰੀ ਆਬਾਦੀ ਉਜੜ ਕੇ ਸਾਡੇ ਦੇਸ਼ ਵੱਲ ਨੂੰ ਆ ਬੈਠਦੀ ਹੈ! ਜਲਵਾਯੂ ਬਦਲਾਅ ਕਾਰਨ ਆਏ ਹੜ੍ਹਾਂ ਕਾਰਨ 2050 ਤੱਕ ਬੰਗਲਾ ਦੇਸ਼ ਦੇ ਦੋ ਕਰੋੜ ਲੋਕ ਉਜੜ ਜਾਣਗੇ! ਇਸ ਦੀ 17% ਧਰਤੀ ਹੋ ਜਾਵੇਗੀ ਜਲ ਮਗਨ, ਗੱਲ ਹੋਈ ਸੀ ਕਿ ਕੀ ਕੇਵਲ ਬੰਗਲਾ ਦੇਸ਼ ਖੁਦ ਹੈ ਜਿੰਮੇਵਾਰ ਇਸ ਤਬਾਹੀ ਲਈ?

**ਔਰਤ ਸੂਤਰਧਾਰ** : ਸੁਣਾਈ ਸੀ ਕਹਾਣੀ ਕਿ 190 ਦੇਸ਼ਾਂ ਦੇ ਵਿਗਿਆਨੀਆਂ ਨੇ ਤੇ ਬਾਰਾਕ ਓਬਾਮਾ ਨੇ ਕਿਹਾ ਹੈ ਕਿ ਵਧਦੀ ਗਰਮੀ ਕਾਰਨ ਘਟਦੇ ਸ੍ਰੋਤ ਲੋਕਾਂ ਨੂੰ ਹੋਰ ਰਹਿਣਯੋਗ ਥਾਵਾਂ ਦੀ ਭਾਲ ਵਿੱਚ ਜਾਣ ਲਈ ਮਜ਼ਬੂਰ ਕਰਦੇ ਹਨ ਤੇ ਇਸ ਨਾਲ ਵਜਨ ਪੈਂਦਾ ਹੈ ਸਥਾਨਕ ਲੋਕਾਂ ਦੇ ਜਨ ਜੀਵਣ 'ਤੇ। ਪੈਦਾ ਹੁੰਦੇ ਨੇ ਝਗੜੇ, ਹੁਣ ਵਪਾਰ ਲਈ ਨਹੀਂ ਸਗੋਂ ਰੈਣ ਬਸੇਰੇ ਤੇ ਗੁਜਰ ਬਸਰ ਲਈ!

**ਮਰਦ ਸੂਤਰਧਾਰ** : ਹਾਂ ਜੀ! ਝਗੜੇ, ਭੋਜਨ ਪਦਾਰਥਾਂ ਤੇ ਪਾਣੀ ਦੇ ਲਈ!

**ਔਰਤ ਸੂਤਰਧਾਰ** : ਸੁਣਾਇਆ ਸੀ ਵਿਸਤਾਰ ਕਿ ਕਿਵੇਂ ਇਸੇ ਕਰਕੇ ਮੈਕਸੀਕੋ ਦਾ ਹਰ ਦਸਵਾਂ ਵਿਅਕਤੀ ਹੋਵੇਗਾ ਮਜ਼ਬੂਰ ਪਲਾਇਣ ਕਰਨ ਦੇ ਲਈ!

**ਮਰਦ ਸੂਤਰਧਾਰ** : ਸੁਣਿਆ ਸੀ ਕਿ ਧਰਤੀ ਉਪਰ ਔੜ ਯਾਨੀ ਸੋਕਾ ਤੇ ਮਾਰੂਥਲੀਕਰਨ ਕਰਕੇ ਕਰੋੜਾਂ ਲੋਕ ਬਣ ਜਾਣਗੇ ਰਫਿਊਜੀ, ਹਾਂ ਜੀ ਤਾਪਮਾਨ ਦੇ ਰਫਿਊਜੀ, ਮੁੱਢ ਬੱਝੇਗਾ ਸਿਆਸੀ ਬੈਚੈਨੀ ਦਾ, ਝਗੜਿਆਂ ਤੇ ਜੰਗਾਂ ਦਾ!

**ਔਰਤ ਸੂਤਰਧਾਰ** : ਸੁਣਿਆ ਸੀ ਬ੍ਰਿਤਾਂਤ ਕਿ ਇਨ੍ਹਾਂ ਜੰਗਾਂ ਨੂੰ ਨਾਮ ਦਿੱਤਾ ਜਾਵੇਗਾ 'ਜਲਵਾਯੂ ਯੁੱਧ'!

**ਮਰਦ ਸੂਤਰਧਾਰ** : ਹਾਂ ਜੀ! ਸੁਣਾਈ ਸੀ ਇਹ ਵੀ ਗਾਥਾ ਕਿ ਜਲਵਾਯੂ ਦੇ ਇਹ ਬਦਲਾਅ, ਇਹ ਬਦਲਦੀਆਂ ਹਵਾਵਾਂ ਦੇ ਕਾਰਨ 2050 ਤੱਕ 15 ਤੋਂ 100 ਕਰੋੜ ਲੋਕ ਹੋ ਸਕਦੇ ਨੇ ਪ੍ਰਭਾਵਿਤ ਤੇ ਵਿਸਥਾਪਿਤ!

**ਔਰਤ ਸੂਤਰਧਾਰ** : ਸੁਣਿਆ ਸੀ ਇਹ ਭੇਦ ਵੀ ਕਿ ਕਿਵੇਂ ਬਾਕੀ ਥਣਧਾਰੀ, ਪੰਛੀ ਤੇ ਰੀਂਗਣ ਵਾਲੇ ਰੀੜ ਧਾਰੀ ਵੀ ਕਰਨਗੇ ਪਲਾਇਣ ਰੈਣ ਬਸੇਰੇ ਦੀ ਖੋਜ ਦੇ ਵਿੱਚ!

**ਮਰਦ ਸੂਤਰਧਾਰ** : ਹਾਂ ਜੀ! ਬਿਆਨ ਕਰ ਦਿੱਤਾ ਸੀ ਕਿ ਇਨ੍ਹਾਂ ਰੀੜ੍ਹ ਧਾਰੀਆਂ ਦੀਆਂ 3000 ਪ੍ਰਜਾਤੀਆਂ ਨੂੰ ਲੱਭਣਾ ਪੈਣਾ ਹੈ ਕੋਈ ਨਵਾਂ ਰੈਣ ਬਸੇਰਾ!

**ਔਰਤ ਸੂਤਰਧਾਰ** : ਸੁਣਿਆ ਸੀ ਕਿ ਸਾਲ 2018 ਨੂੰ ਤਾਂ ਅੰਤਰਰਾਸ਼ਟਰੀ ਰਿਫਿਊਜੀ ਵਰ੍ਹਾ ਹੀ ਗਰਦਾਨ ਦਿੱਤਾ ਗਿਆ ਹੈ!

**ਮਰਦ ਸੂਤਰਧਾਰ** : ਹਾਂ ਜੀ! ਬਿਆਨ ਕਰ ਦਿੱਤਾ ਸੀ ਕਿ ਯੂ. ਐਨ. ਓ. ਦੇ ਹਾਈ ਕਮਿਸ਼ਨ ਨੇ ਅੰਦਾਜ਼ੇ ਦਿੱਤੇ ਹਨ ਕਿ

ਸਾਲ 2050 ਤੱਕ ਜਲਵਾਯੂ ਬਦਲਾਅ ਕਾਰਨ ਹੋਈਆਂ ਤਬਦੀਲੀਆਂ ਬਣਨਗੀਆਂ ਕਾਰਨ 25 ਕਰੋੜ ਲੋਕਾਂ ਦੇ ਰਿਫਿਊਜੀ ਬਣ ਜਾਣ ਦਾ!

**ਔਰਤ ਸੂਤਰਧਾਰ** : ਸੁਣਿਆ ਸੀ ਇਹ ਬ੍ਰਿਤਾਂਤ ਵੀ ਕਿ ਅਜੇ ਤੱਕ ਤਾਂ ਕੋਈ ਨਹੀਂ ਪ੍ਰਾਵਾਧਾਨ ਇਨ੍ਹਾਂ ਜਲਵਾਯੂ ਰਿਫਿਊਜੀਆਂ ਨੂੰ ਸ਼ਰਨ ਜਾਂ ਪਨਾਹ ਦੇਣ ਦਾ!

**ਮਰਦ ਸੂਤਰਧਾਰ** : ਹੋਈ ਸੀ ਗੱਲ ਕਿ ਕਿਵੇਂ ਪੈਰਿਸ ਸਹਿਮਤੀ ਕਰ ਰਹੀ ਹੈ ਯਤਨ ਇਸ ਆਫਤ ਨੂੰ ਠੱਲ੍ਹਣ ਲਈ!

**ਔਰਤ ਸੂਤਰਧਾਰ** : ਅੱਜ ਦੀ ਇਸ ਕੜੀ ਵਿੱਚ ਸੁਣਾਂਗੇ ਅਸੀਂ ਕਹਾਣੀ, ਤਾਪਮਾਨ ਦੇ ਬਦਲਾਅ ਕਾਰਨ ਵਧਦੀਆਂ ਤੇ ਬਦਲਦੀਆਂ ਬੀਮਾਰੀਆਂ ਦੀ!

**ਮਰਦ ਸੂਤਰਧਾਰ** : ਲਓ ਸੁਣੋ ਇਸ ਨਵੇਂ ਲੜੀਵਾਰ **'ਕਿਉਂ ਬਦਲ ਰਹੀ ਹੈਂ ਫਿਜ਼ਾਏਂ'** ਦੀ ਤੇਈਵੀਂ ਕੜੀ **"ਗਰਮਾਉਂਦੀ ਧਰਤੀ, ਬਦਲਦੀਆਂ ਬੀਮਾਰੀਆਂ"!** ਲਓ! ਇਉਂ ਕਰਦੇ ਨੇ ਪੇਸ਼ ਸਾਡੇ ਇਹ ਕਲਾਕਾਰ!

**ਸੂਤਰਧਾਰ** : ਨਮਸਕਾਰ ਦੋਸਤੋ, ਰੇਡੀਓ ਵਿਗਿਆਨ ਲੜੀਵਾਰ "ਕਿਉਂ ਬਦਲ ਰਹੀ ਹੈਂ ਫਿਜ਼ਾਏਂ" ਦੀ ਅੱਜ ਇਸ ਤੇਈਵੀਂ ਕੜੀ 'ਚ ਤੁਹਾਡਾ ਸਵਾਗਤ ਹੈ। ਪਿਛਲੀ ਕੜੀ **"ਆਲਮੀ ਤਪਸ਼ ਦੇ ਰਿਫਿਊਜੀ"** ਵਿੱਚ ਤੁਸੀਂ ਸੁਣਿਆ ਸੀ ਕਿ ਕਿਵੇਂ ਉਜੜ ਰਹੀ ਹੈ ਧਰਤੀ ਦੀ ਵਸੋਂ ਜਲਵਾਯੂ ਦੇ ਬਦਲਾਅ ਦੇ ਕਾਰਨ! ਗਲੋਬਲ ਵਾਰਮਿੰਗ ਜਾਂ ਧਰਤੀ ਦਾ ਤਪਣਾ ਸਿਹਤ ਲਈ ਸਮੱਸਿਆ ਬਣਦਾ ਜਾ ਰਿਹਾ ਹੈ। ਇਸ ਦੇ ਚਲਦੇ ਪ੍ਰਿਥਵੀ ਦੇ ਉਹ ਹਿੱਸੇ ਜੋ ਘੱਟ ਤਾਪ ਦੇ ਕਾਰਨ ਪਹਿਲਾਂ ਬਹੁਤ ਸਾਰੀਆਂ ਬੀਮਾਰੀਆਂ ਦੇ ਲਈ ਢੁਕਵੇਂ ਨਹੀਂ ਸਨ ਉਹ ਵੀ ਵਧਦੇ ਤਾਪਮਾਨ ਦੇ ਕਾਰਨ ਉਨ੍ਹਾਂ ਲਈ ਢੁਕਵਾਂ ਵਾਤਾਵਰਨ ਮੁਹੱਈਆ ਕਰਾਉਂਦੇ ਜਾ ਰਹੇ ਹਨ ਅਤੇ ਇਹ ਬਿਮਾਰੀਆਂ ਉਨ੍ਹਾਂ ਸਥਾਨਾਂ 'ਤੇ ਵੀ ਪਹੁੰਚਦੀਆਂ ਜਾ ਰਹੀਆਂ ਹਨ ਜਿੱਥੇ ਪਹਿਲਾਂ ਇਨ੍ਹਾਂ ਦਾ ਨਾਂ-ਨਿਸ਼ਾਨ ਵੀ ਨਹੀਂ ਸੀ। ਅੱਜ ਦੀ ਇਸ ਕੜੀ ਵਿੱਚ ਅਸੀਂ ਚਰਚਾ ਕਰਾਂਗੇ ਬਿਮਾਰੀਆਂ ਉਪਰ ਪੈਣ ਵਾਲੇ ਜਲਵਾਯੂ ਬਦਲਾਅ ਦੇ ਪ੍ਰਭਾਵਾਂ ਬਾਬਤ!

……**ਲੜੀਵਾਰ ਦੀ ਧੁਨ**……

……**ਦ੍ਰਿਸ਼ ਬਦਲਾਅ ਸੰਗੀਤ**……

……**ਦ੍ਰਿਸ਼ ਪਹਿਲਾ**……

**(ਦ੍ਰਿਸ਼ ਬਦਲਾਅ ਸੰਗੀਤ ……………………….ਮੱਧਮ ਪੈਂਦਾ ਹੈ)**

**ਸਥਾਨ** : **ਘਰ ਦੀ ਬੈਠਕ**

**(ਸਵੇਰ ਦਾ ਸਮਾਂ ਹੈ। ਟੈਲੀਵਿਜ਼ਨ 'ਤੇ ਖ਼ਬਰਾਂ ਆ ਰਹੀਆਂ ਹਨ। ਪਾਪਾ ਖ਼ਬਰਾਂ ਸੁਣਨ ਵਿੱਚ ਮਸਤ ਹਨ। ਅੰਦਰੋਂ ਮਾਂ ਦੀ ਅਵਾਜ਼ ਆਉਂਦੀ ਹੈ)**

**ਅੰਦਰ ਤੋਂ ਆਉਂਦੀ ਇੱਕ ਇਸਤਰੀ ਅਵਾਜ਼**: ਉਹ ਸੁਣਦੇ ਹੋ!

**ਕਲਿਆਣੀ** : ਪਾਪਾ, ਲੱਗਦਾ ਹੈ ਮਾਂ ਬੁਲਾ ਰਹੀ ਹੈ।

**(ਪਾਪਾ ਅਵਾਜ਼ ਘੱਟ ਕਰਦੇ ਹਨ। ਅੰਦਰ ਤੋਂ ਫਿਰ ਇੱਕ ਵਾਰ ਅਵਾਜ਼ ਆਉਂਦੀ ਹੈ)**

**ਅੰਦਰ ਤੋਂ ਆਉਂਦੀ ਅਵਾਜ਼:** ਉਹ! ਸੁਣੋ ਨਾ....

**ਫਾਪਾ** : ਕਲਿਆਣੀ, ਪੁੱਤਰੀ ਜ਼ਰਾ ਦੇਖ ਕੇ ਆ, ਕੀ ਕਹਿ ਰਹੀ ਹੈ ਤੇਰੀ ਮਾਂ!

**ਕਲਿਆਣੀ** : ਪਾਪਾ ਆਹ ਵਰਿੰਦਰ ਨੂੰ ਭੇਜੋ ਨਾ, ਜਦੋਂ ਵੇਖੋ ਤੁਸੀਂ ਮੈਨੂੰ ਹੀ ਕਹਿੰਦੇ ਰਹਿੰਦੇ ਹੋ.. ਵਰਿੰਦਰ ਜਾਹ, ਜਾ ਕੇ ਵੇਖ ਨਾ...

**ਮਾਂ** : (**ਗੁੱਸੇ ਭਰੀ ਅਵਾਜ਼ ਵਿਚ**) ਅੱਗ ਲੱਗੇ ਤੁਹਾਡੇ ਟੀ.ਵੀ. ਨੂੰ। ਕਿੰਨੀ ਦੇਰ ਤੋਂ ਬੋਲ ਰਹੀ ਹਾਂ ਪਰ ਇੱਥੇ ਕੋਈ ਸੁਣੇ ਤਾਂ! ਭਾਵੇਂ ਕੋਈ ਮਰ ਕਿਓਂ ਨਾ ਰਿਹਾ ਹੋਵੇ ਪਰ ਤੁਸੀਂ ਲੋਕ ਤਾਂ....

**ਪਿਤਾ** : ਵਸੁਧਾ...ਵਸੁਧਾ ਕੀ ਗੱਲ ਐ ਐਨੀ ਪ੍ਰੇਸ਼ਾਨ ਕਿਉਂ ਹੋ.. ਉਹ ਮੈਂ ਤਾਂ ਇਸ ਨੂੰ ਕਿਹਾ ਸੀ ਕਿ ਜਾ ਕੇ ਸੁਣ ਤੇਰੀ ਮਾਂ ਕੀ ਕਹਿ ਰਹੀ ਹੈ ਪਰ ਇਸ ਨੇ ਇਹ ਕੰਮ ਅੱਗੇ ਵਰਿੰਦਰ ਦੇ ਸਿਰ ਮੜ੍ਹ ਦਿੱਤਾ।

**ਮਾਂ** : ਇਹ ਦੋਵੇਂ ਭੈਣ-ਭਰਾ ਤਾਂ ਅੱਵਲ ਦਰਜੇ ਦੇ ਆਲਸੀ ਨੇ। ਇਨ੍ਹਾਂ ਨੂੰ ਤਾਂ ਖ਼ੁਦ ਨੂੰ ਕੋਈ 24 ਘੰਟੇ ਲਈ ਨੌਕਰ ਚਾਹੀਦਾ ਹੈ।

**ਪਿਤਾ** : ਜਾਣ ਦਿਓ.. ਜਾਣ ਦਿਓ, ਹੁਣ ਦੱਸੋ ਕੀ ਗੱਲ ਵਾ!

**ਵਸੁਧਾ** : ਵੱਡੇ ਭਾਈ ਸਾਹਿਬ ਦੀ ਸਿਹਤ ਬਹੁਤ ਖ਼ਰਾਬ ਹੈ।

**ਕਲਿਆਣੀ** : ਕਿਸ ਦੀ, ਉਹ ਨੈਰੋਬੀ ਵਾਲੇ ਮਾਮਾ ਜੀ ਦੀ?

**ਵਸੁਧਾ** : ਹਾਂ.. ਹਾਂ.. ਉਹੀ।

**ਪਿਤਾ** : ਕੀ ਹੋਇਆ ਉਨ੍ਹਾਂ ਨੂੰ?

**ਵਸੁਧਾ** : ਭਾਬੀ ਨੇ ਦੱਸਿਆ ਕਿ ਮਲੇਰੀਆ ਹੋਇਆ ਹੈ।

**ਪਿਤਾ** : ਮਲੇਰੀਆ, ਉਹ ਤਾਂ ਨੈਰੋਬੀ ਦੇ ਨਾਲ ਕਿਤੇ ਪਹਾੜ ਦੇ ਕੋਲ ਪੋਸਟਡ ਸੀ।

**ਵਸੁਧਾ** : ਇਸ ਨਾਲ ਕੀ?

**ਪਿਤਾ** : ਆਪਣੇ ਵਿਆਹ ਤੋਂ ਪਹਿਲਾਂ ਮੈਂ ਵੀ ਓਥੇ ਕਈ ਸਾਲ ਡੈਪੁਟੇਸ਼ਨ ‘ਤੇ ਰਿਹਾ ਹਾਂ। ਉੱਥੇ ਤਾਂ ਮਲੇਰੀਏ ਵਰਗਾ ਕੁਝ ਨਹੀਂ ਹੁੰਦਾ ਸੀ।

**ਵਸੁਧਾ** : ਉਸ ਗੱਲ ਨੂੰ 25 ਸਾਲ ਹੋ ਗਏ ਹਨ, ਇੱਕ ਚੌਥਾਈ ਸਦੀ। ਉਦੋਂ ਨਹੀਂ ਹੁੰਦਾ ਹੋਵੇਗਾ ਪਰ ਹੁਣ ਹੁੰਦਾ ਹੈ। ਕਹਿੰਦੇ ਹਨ ਸਾਰੇ ਦਾ ਸਾਰਾ ਘਰ ਬੁਖਾਰ ਵਿੱਚ ਪਿਆ ਹੈ।

**ਪਿਤਾ** : ਅੱਛਾ!

**ਵਸੁਧਾ** : ਬਾਕੀ ਦੇ ਸਭ ਤਾਂ ਠੀਕ ਹੋਣ ਲੱਗ ਪਏ ਨੇ ਪਰ ਵੀਰ ਜੀ ਦੀ ਤਬੀਅਤ ਕਾਫੀ ਖਰਾਬ ਹੈ। ਪਹੁੰਚਾਂ ਕਿਵੇਂ? ਕਿਤੇ ਨੇੜੇ ਹੁੰਦੇ ਤਾਂ ਭੱਜ ਕੇ ਜਾਂਦੀ ਤੇ ਮਿਲ ਆਉਂਦੀ।

**ਪਿਤਾ** : ਉਹ ਤਾਂ ਠੀਕ ਹੈ! ਪਰ ਹੈਰਾਨੀ ਹੈ ਕਿ ਕੀਨੀਆ ਦੇ ਪਹਾੜੀ ਇਲਾਕੇ ਤਾਂ ਠੰਡੇ ਇਲਾਕੇ ਹਨ। ਉਥੇ ਤਾਂ ਮੱਛਰ ਹੀ ਨਹੀਂ ਸਨ ਹੁੰਦੇ.... ਬੜੇ ਸਕੂਨ ਵਾਲੀ ਥਾਂ ਸੀ, ਉਹ ਤਾਂ।

**ਵਸੁਧਾ** : ਪਰ ਹੁਣ ਮੱਛਰ ਕਿੱਥੇ ਨਹੀਂ ਹੁੰਦੇ.. ਪਹਾੜ ਹੋਣ ਜਾਂ ਰੇਗਿਸਤਾਨ? ਉਥੇ ਵੀ ਐਦਾਂ ਹੀ ਹੋਣੈ।

**ਕਲਿਆਣੀ** : ਮਾਂ! ਆਹ, ਜਿਹੜੀ ਵਾਯੂਮੰਡਲੀ ਗਰਮੀ ਵਧਦੀ ਜਾ ਰਹੀ ਹੈ ਯਾਣੀ ਗਲੋਬਲ ਵਾਰਮਿੰਗ ਹੋ ਰਹੀ ਹੈ, ਸਾਰਾ ਕੁਝ ਉਸੇ ਕਾਰਨ ਹੀ ਹੈ।

**ਵਸੁਧਾ** : **(ਖਿਝ ਕੇ)** ਚੰਗਾ, ਚੰਗਾ ਰਹਿਣ ਦੇ ਕਲਿਆਣੀ, ਹਰ ਗੱਲ 'ਚ ਗਲੋਬਲ ਵਾਰਮਿੰਗ ਨੂੰ ਨਾ ਲਿਆਇਆ ਕਰ.. ਤੁਸੀਂ ਪੜ੍ਹ-ਲਿਖ ਕੀ ਗਏ ਆਪਣੀ ਮਾਂ ਨੂੰ ਮੂਰਖ ਸਮਝਣ ਲਗੇ ਓ।

**ਵਰਿੰਦਰ** : ਲੈ, ਵੱਡੀ ਮੈਡਮ ਬਣੀ ਫਿਰਦੀ ਹੈ। ਮਾਂ ਨੂੰ ਕੀ ਪੜ੍ਹਾਏਂਗੀ? ਮਾਂ ਤੇਰੇ ਵਰਗੀਆਂ 50 ਨੂੰ ਸਖਾ ਦੇਵੇ।

**ਕਲਿਆਣੀ** : ਓ ਵਰਿੰਦਰ ਤੂੰ ਤਾਂ ਰਹਿਣ ਦੇ.. ਆਉਂਦਾ ਜਾਂਦਾ ਕੁਝ ਨੀ, ਬਸ ਗੱਲਾਂ ਕਰਨ ਜੋਗਾ ਈ ਹੈਂ।

**ਮਾਂ** : **(ਚੀਕ ਕੇ ਗੁੱਸੇ 'ਚ)** ਚੁੱਪ ਕਰੋ!! ( ਕੁੱਝ ਰੁਕ ਕੇ , ਭਰੇ ਗਲੇ ਨਾਲ) ਵੀਰ ਨੂੰ ਕੁਝ ਹੋਵੇਗਾ ਤਾਂ ਨਹੀਂ?

**ਪਿਤਾ** : ਓ ਨਹੀਂ ਮਲੇਰੀਆ ਹੀ ਤਾਂ ਹੈ। ਸਭ ਠੀਕ ਹੋ ਜਾਵੇਗਾ। ਹੁਣ ਉਹ ਪੁਰਾਣਾ ਜ਼ਮਾਨਾ ਕਿੱਥੇ ਰਿਹਾ ਜਦੋਂ ਮਲੇਰੀਏ ਨਾਲ ਹਜ਼ਾਰਾਂ ਮੌਤਾਂ ਹੁੰਦੀਆਂ ਸਨ।

**ਵਸੁਧਾ** : ਫਿਰ ਵੀ.. ਭਾਬੀ ਰੋ ਰਹੇ ਸਨ। ਕਹਿੰਦੇ ਸੀ ਕਿ ਇੱਥੇ ਮਲੇਰੀਆ ਕਾਫੀ ਖ਼ਤਰਨਾਕ ਹੁੰਦਾ ਹੈ। ਉੱਥੇ ਮਲੇਰੀਏ ਦਾ ਤਾਂ ਜਿਵੇਂ ਰਿਵਾਜ਼ ਵੀ ਚੱਲ ਰਿਹੈ। ਕੋਈ ਅਜਿਹਾ ਘਰ ਨਹੀਂ ਜਿਥੇ ਕਦੇ ਨਾ ਕਦੇ ਮਲੇਰੀਆ ਨਾ ਹੋਇਆ ਹੋਵੇ।

**ਕਲਿਆਣੀ** : ਅੱਛਾ! ਇਹ ਕਿਹਾ ਮਾਮੀ ਜੀ ਨੇ?

**ਮਾਂ** : ਹਾਂ, ਉੱਥੇ ਤਾਂ ਲੋਕ ਮਲੇਰੀਏ ਕਾਰਨ ਮਰ ਵੀ ਜਾਂਦੇ ਹਨ, ਐਨਾ ਖ਼ਤਰਨਾਕ ਹੁੰਦਾ ਹੈ। ਭਾਬੀ ਬਹੁਤ ਪ੍ਰੇਸ਼ਾਨ ਸੀ।

**ਪਿਤਾ** : ਹਾਂ, ਠੀਕ ਹੈ। ਦੇਖ ਮੈਨੂੰ ਤਾਂ ਇਸ ਬਾਰੇ ਕੁਝ ਖ਼ਾਸ ਪਤਾ ਨਹੀਂ ਪਰ ਮੇਰਾ ਇਕ ਬਚਪਨ ਦਾ ਸਾਥੀ ਇੱਥੇ ਹੀ ਤੈਨਾਤ ਹੈ। ਸੁਣਿਆ ਉਹ ਜ਼ਿਲ੍ਹਾ ਮਲੇਰੀਆ ਅਫ਼ਸਰ ਹੈ। ਉਸ ਨਾਲ ਚੱਲ ਕੇ ਗੱਲ ਕਰਦੇ ਹਾਂ। ਫਿਰ ਤੁਹਾਡੀ ਭਾਬੀ ਨਾਲ ਗੱਲ ਕਰਾਂਗੇ।

**ਵਸੁਧਾ** : ਜ਼ਰੂਰ.........

......**ਲੜੀਵਾਰ ਦੀ ਧੁਨ**......

......**ਦ੍ਰਿਸ਼ ਬਦਲਾਅ ਸੰਗੀਤ**......

......**ਦ੍ਰਿਸ਼ ਦੂਜਾ**......

**(ਦ੍ਰਿਸ਼ ਬਦਲਾਅ ਸੰਗੀਤ..........................ਮੱਧਮ ਪੈਂਦਾ ਹੈ)**

**ਸਥਾਨ** : **ਹਸਪਤਾਲ 'ਚ ਡਾ. ਸ਼ੇਖਰ ਦਾ ਕਮਰਾ.......**

**ਕਲਿਆਣੀ** : ਪਾਪਾ, ਅਸੀਂ ਕਿੱਥੇ ਆ ਗਏ? ਇਹ ਤਾਂ ਜ਼ਿਲ੍ਹਾ ਹਸਪਤਾਲ ਹੈ।

**ਪਾਪਾ** : ਹਾਂ, ਕਲਿਆਣੀ ਇੱਥੇ ਹੀ ਤਾਂ ਤੁਹਾਡੇ ਅੰਕਲ ਡਾ. ਸ਼ੇਖਰ ਮਿਲਣਗੇ, ਜਿਨ੍ਹਾਂ ਕੋਲੋਂ ਤੁਹਾਡੀ ਮਾਂ ਕੁਝ ਪੁੱਛਣਾ ਚਾਹੁੰਦੀ ਹੈ।

**ਵਰਿੰਦਰ** : ਪਾਪਾ, ਇਹ ਸ਼ੇਖਰ ਅੰਕਲ ਤੁਹਾਡੇ ਕਲਾਸ ਫੈਲੋ ਸਨ?

**ਫਾਪਾ** : ਹਾਂ, ਵਰਿੰਦਰ! ਬਾਰ੍ਹਵੀਂ 'ਚ ਅਸੀਂ ਦੋਵੇਂ ਇਕੱਠੇ ਹੀ ਪੜ੍ਹਦੇ ਸੀ।

**ਕਲਿਆਣੀ** : ਇਹ ਅੰਕਲ ਡਾਕਟਰ ਬਣ ਗਏ ਅਤੇ ਤੁਸੀਂ ਪ੍ਰੋਫੈਸਰ?

**ਪਿਤਾ** : ਹਾਂ, ਕਲਿਆਣੀ।

**ਵਰਿੰਦਰ** : ਪਾਪਾ ਇਹ ਰਿਹਾ ਡਾ. ਸ਼ੇਖਰ ਦਾ ਬੋਰਡ.... ਇੱਥੇ ਹੀ ਨੇ ਉਹ।

**ਪਿਤਾ** : ਹਾਂ ਵਰਿੰਦਰ, ਇਹੀ ਨੇ...

**(ਸਾਰੇ ਕਮਰੇ ਵੱਲ ਆਉਂਦੇ ਹਨ)**

**ਪਿਤਾ** : ਸ਼ੇਖਰ, ਆ ਜਾਈਏ ਅਸੀਂ?

**ਸ਼ੇਖਰ** : **(ਹੈਰਾਨੀ ਨਾਲ)**.... ਸਾਗਰ! ਅੱਜ ਕਿਵੇਂ ਰਾਹ ਭੁੱਲ ਗਿਆ.. ਓਹੋ... ਭਾਬੀ ਜੀ ਵੀ ਹੈਗੇ ਅਤੇ ਇਹ ਬੱਚੇ ਵੀ?.. ਬੈਠੋ... ਸਭ ਠੀਕ ਠਾਕ ਤਾਂ ਹੈ? ਸਾਗਰ ਤੁਸੀਂ ਵੀ ਬੈਠੋ ਨਾ!

**ਪਿਤਾ** : ਉਹੀ ਤਾਂ ਨਹੀਂ ਹੈ!

**ਸ਼ੇਖਰ** : ਕੀ ਕੋਈ ਬੀਮਾਰ ਹੈ? ਭਲੇ ਚੰਗੇ (ਠੀਕ-ਠਾਕ) ਤਾਂ ਲੱਗ ਰਹੇ ਓ ਤੁਸੀਂ ਸਾਰੇ...

**ਪਿਤਾ** : ਅਸੀਂ ਸਭ ਤਾਂ ਠੀਕ ਹਾਂ ਪਰ ਤੇਰੀ ਭਾਬੀ ਦਾ ਇੱਕ ਭਰਾ ਕੀਨੀਆ ਵਿਚ ਨੈਰੋਬੀ ਦੇ ਕੋਲ ਰਹਿੰਦਾ ਹੈ।

**ਸ਼ੇਖਰ** : ਤਾਂ ਫੇਰ?

**ਵਰਿੰਦਰ** : ਅੰਕਲ, ਮਾਮਾ ਜੀ ਨੂੰ ਉੱਥੇ ਮਲੇਰੀਆ ਹੋ ਗਿਆ ਹੈ।

**ਸ਼ੇਖਰ** : ਮਲੇਰੀਆ?

**ਪਿਤਾ** : ਹਾਂ ਸ਼ੇਖਰ.. ਮੈਂ ਕਿਹਾ ਕਿ ਮਲੇਰੀਆ ਹੀ ਤਾਂ ਹੈ। ਦਵਾਈ ਲੈਣਗੇ ਤਾਂ ਠੀਕ ਹੋ ਜਾਣਗੇ ਪਰ ਤੁਹਾਡੀ ਭਾਬੀ ਹੈ ਕਿ ਡਰੀ ਹੀ ਜਾ ਰਹੀ ਹੈ।

**ਸ਼ੇਖਰ** : ਅੱਛਾ ...!

**ਵਸੁਧਾ** : ਹਾਂ ਵੀਰ ਜੀ.. ਉੱਥੇ ਭਰਾ ਦੀ ਘਰਵਾਲੀ ਕਹਿ ਰਹੀ ਹੈ ਕਿ ਇੱਥੇ ਮਲੇਰੀਆ ਬਹੁਤ ਖਤਰਨਾਕ ਹੁੰਦਾ ਹੈ। ਇਸ ਨਾਲ ਲੋਕਾਂ ਦੀ ਮੌਤ ਵੀ ਹੋ ਰਹੀ ਹੈ।

**ਪਿਤਾ** : ਹੁਣ ਵੇਖੋ, ਦੋਵੇਂ ਨਣਦ-ਭਰਜਾਈਆਂ ਨੇ ਨਿੱਕੀ ਜਿਹੀ ਗੱਲ ਨੂੰ ਲੈ ਕੇ ਤੂਫਾਨ ਖੜ੍ਹਾ ਕਰ ਦਿੱਤਾ ਹੈ। ਉੱਥੇ ਉਹ ਰੋ ਰਹੀ ਹੈ, ਇੱਥੇ ਇਹ ਰੋਈ ਜਾ ਰਹੀ ਹੈ, ਫਾਲਤੂ ਵਿੱਚ।

ਸ਼ੇਖਰ : ਪਰ ਸਾਗਰ! ਭਾਬੀ ਦੀ ਚਿੰਤਾ ਤਾਂ ਜਾਇਜ਼ ਹੀ ਹੈ।

ਪਿਤਾ : ਕੀ ਸ਼ੇਖਰ ਤੁਸੀਂ ਵੀ ਸੋਚਦੇ ਹੋ ਕਿ ਮਲੇਰੀਏ ਨਾਲ ਲੋਕ ਮਰ ਜਾਂਦੇ ਹਨ।

ਸ਼ੇਖਰ : ਹਾਂ ਮਰ ਜਾਂਦੇ ਹਨ, ਖ਼ਾਸ ਕਰਕੇ ਜੇਕਰ ਮਲੇਰੀਏ ਦਾ ਅਸਰ ਦਿਮਾਗ 'ਤੇ ਹੋ ਜਾਵੇ।

ਵਸੁਧਾ : ਵੇਖਿਆ, ਮੈਂ ਠੀਕ ਕਹਿੰਦੀ ਸੀ ਨਾ?

ਕਲਿਆਣੀ : ਪਰ ਅੰਕਲ ਮੇਰੀਆਂ ਤਾਂ ਕਈ ਕਲਾਸਮੇਟਾਂ ਨੂੰ ਮਲੇਰੀਆ ਹੋਇਆ, ਉਹ ਸਾਰੀਆਂ ਤਾਂ ਦੋ-ਤਿੰਨ ਦਿਨ ਗੈਰਹਾਜਰ ਰਹਿ ਕੇ ਸਕੂਲ ਆਉਣ ਲੱਗ ਗਈਆਂ।

ਸ਼ੇਖਰ : ਦੇਖੋ ਕਲਿਆਣੀ, ਸਾਡੇ ਇੱਥੇ ਤਾਂ ਖਤਰਨਾਕ ਮਲੇਰੀਆ ਦੇ ਯਾਣੀ 'ਸੈਰੀਬਰਲ ਮਲੇਰੀਆ' ਭਾਵ ਦਿਮਾਗ ਦੇ ਮਲੇਰੀਆ ਦੇ ਮਾਮਲੇ ਕਾਫੀ ਘੱਟ ਹੁੰਦੇ ਹਨ ਪਰ ਜਿੱਥੇ ਤੁਹਾਡੇ ਮਾਮਾ ਜੀ ਰਹਿੰਦੇ ਹਨ, ਨਾ, ਨੈਰੋਬੀ ਨੇੜੇ, ਉੱਥੇ ਮਲੇਰੀਆ ਅਕਸਰ 'ਸੈਰੀਬਲ ਮਲੇਰੀਆ' ਵਿਚ ਬਦਲ ਜਾਂਦਾ ਹੈ।

ਪਾਪਾ : ਉਹ ਕਿਓਂ ਸ਼ੇਖਰ?

ਵਰਿੰਦਰ : ਉੱਥੇ ਦੇ ਮੱਛਰ ਬਹੁਤ ਖਤਰਨਾਕ ਹੁੰਦੇ ਹੋਣਗੇ।

ਸ਼ੇਖਰ : ਨਹੀਂ ਵਰਿੰਦਰ ਐਦਾਂ ਨਹੀਂ ਹੁੰਦਾ।

ਵਰਿੰਦਰ : ਤਾਂ?

ਸ਼ੇਖਰ : ਕਿਉਂਕਿ ਉੱਥੇ ਪਹਿਲਾਂ ਮਲੇਰੀਆ ਨਹੀਂ ਹੁੰਦਾ ਸੀ, ਇਸ ਕਰਕੇ ਉੱਥੇ ਦੇ ਲੋਕਾਂ ਵਿਚ ਮਲੇਰੀਆ ਦੇ ਪ੍ਰਤੀ ਰੋਗ ਰੋਧਕ ਸਮਰਥਾ ਵਿਕਸਿਤ ਨਹੀਂ ਹੋਈ ਹੈ।

ਕਲਿਆਣੀ : ਐਵੇ ਕਿਉਂ?

ਸ਼ੇਖਰ : ਕਲਿਆਣੀ ਜਦੋਂ ਕਦੇ ਅਸੀਂ ਇਕ ਵਾਰ ਮਲੇਰੀਆ ਰੋਗਾਣੂ ਦੇ ਸੰਪਰਕ ਵਿਚ ਆਉਂਦੇ ਹਾਂ ਤਾਂ ਹੋ ਸਕਦਾ ਹੈ ਕਿ ਸਾਨੂੰ ਮਲੇਰੀਆ ਹੋ ਜਾਵੇ। ਇਸ ਤੋਂ ਬਾਅਦ ਸਾਡੇ ਸਰੀਰ ਦੀਆਂ ਰੱਖਿਅਕ ਕੋਸ਼ਕਾਵਾਂ ਨੂੰ ਮਲੇਰੀਆ ਰੋਗਾਣੂ ਦੀ ਪਛਾਣ ਹੋ ਜਾਂਦੀ ਹੈ।

ਵਸੁਧਾ : ਇਸ ਨਾਲ ਕੀ ਹੋਵੇਗਾ ਭਾਈ ਸਾਹਿਬ!

ਕਲਿਆਣੀ : ਮਾਂ ਇਕ ਵਾਰ ਕਿਸੇ ਰੋਗ ਦੇ ਸੰਪਰਕ ਵਿੱਚ ਆਉਣ ਨਾਲ ਸਾਡਾ ਸਰੀਰ ਉਸ ਦੇ ਵਿਰੁੱਧ ਐਂਟੀਬਾਡੀਆਂ (ਵਿਰੋਧੀ ਪਦਾਰਥ) ਬਨਾਉਣ ਲੱਗਦਾ ਹੈ ਤਾਂ ਕਿ ਅਗਲੀ ਵਾਰ ਜਦ ਉਹ ਰੋਗਾਣੂ ਸਰੀਰ ਵਿੱਚ ਜਾਣ ਤਾਂ ਸਰੀਰ ਉਨ੍ਹਾਂ ਨੂੰ ਤਬਾਹ ਕਰ ਸਕੇ।

ਸਾਗਰ : ਸ਼ੇਖਰ, ਸਾਇਦ ਇਸੇ ਨੂੰ ਹੀ 'ਇਮਿਉਨਿਟੀ' ਜਾਂ ਰੋਗ ਰੋਧਕ ਸਮਰਥਾ ਕਹਿੰਦੇ ਹਨ?

ਸ਼ੇਖਰ : ਹਾਂ, ਸਾਗਰ ਭਾਰਤ ਵਿਚ ਤਾਂ ਇੱਕ ਸਾਲ ਵਿਚ ਵੀ ਅਸੀਂ ਕਈ ਕਈ ਵਾਰ ਮਲੇਰੀਆ ਰੋਗਾਣੂ ਨਾਲ ਦੋ-ਚਾਰ ਹੁੰਦੇ ਹੀ ਰਹਿੰਦੇ ਹਾਂ, ਜਿਸ ਨਾਲ ਹੌਲੀ-ਹੌਲੀ ਸਾਡੇ ਸਰੀਰ ਮਲੇਰੀਆ ਪ੍ਰਤੀ ਰੋਗ-ਰੋਧਕ ਸਮਰਥਾ ਵਿਕਸਿਤ ਕਰ ਲੈਂਦੇ ਹਨ। ਇਸੇ ਲਈ ਸਾਡੇ ਲਈ ਮਲੇਰੀਆ ਐਨਾ ਖਤਰਨਾਕ ਸਾਬਤ ਨਹੀਂ ਹੁੰਦਾ।

**ਵਸੁਧਾ** : ਪਰ ਭਾਈ ਸਾਹਿਬ, ਉੱਥੇ ਕੀਨੀਆ ਵਿੱਚ ਨੈਰੋਬੀ ਵਿਚ ਕਿਉਂ? ਉਥੇ ਇਹ ਐਨਾ ਖਤਰਨਾਕ ਕਿਉਂ ਹੁੰਦਾ ਹੈ ?

**ਸ਼ੇਖਰ** : ਭਾਬੀ ਹੁਣੇ ਹੀ ਮੈਂ ਵਿਸ਼ਵ ਸਿਹਤ ਸੰਗਠਨ ਦੀ ਇਕ ਬੈਠਕ ਵਿਚ ਭਾਗ ਲੈ ਕੇ ਵਾਪਸ ਆਇਆ ਹਾਂ।

**ਸ਼ਾਗਰ** : ਇਹ ਕਹੋ ਕਿ ਸਰਕਾਰੀ ਖਰਚਿਆਂ 'ਤੇ ਵਿਦੇਸ਼ੀ ਯਾਤਰਾ ਕਰਕੇ ਆਏ ਹੋ।

**ਸ਼ੇਖਰ** : ਉਥੇ ਜਾ ਕੇ ਮੈਨੂੰ ਮਲੇਰੀਆ ਬਾਰੇ ਕਈ ਹੈਰਾਨੀਜਨਕ ਗੱਲਾਂ ਪਤਾ ਲਗੀਆਂ।

**ਕਲਿਆਣੀ** : ਹੈਰਾਨੀਜਨਕ ਗੱਲਾਂ, ਉਹ ਕੀ?

**ਸ਼ੇਖਰ** : ਇੱਕ ਤਾਂ ਇਹ ਕਿ 19ਵੀਂ ਸਦੀ ਤੱਕ ਉੱਥੇ ਕੀਨੀਆ ਵਿਚ ਨਾ ਮੱਛਰ ਹੁੰਦੇ ਸੀ ਨਾ ਮਲੇਰੀਆ।

**ਵਰਿੰਦਰ** : ਉਹ ਕਿਉਂ ਅੰਕਲ ?

**ਸ਼ੇਖਰ** : ਦੱਸਦਾ ਹਾਂ! ਪਹਿਲਾਂ ਅੰਗਰੇਜ਼ ਮਲੇਰੀਆ ਤੋਂ ਬਚਣ ਲਈ ਇਨ੍ਹਾਂ ਖੇਤਰਾਂ ਵਿਚ ਆ ਕੇ ਰਹਿੰਦੇ ਸਨ ਕਿਉਂਕਿ ਇੱਥੇ ਮਲੇਰੀਆ ਹੁੰਦਾ ਹੀ ਨਹੀਂ ਸੀ।

**ਕਲਿਆਣੀ** : ਉਹ ਕਿਉਂ ਅੰਕਲ?

**ਸ਼ੇਖਰ** : ਉਥੇ ਦੇ ਵਾਤਾਵਰਨ ਕਾਰਨ!

**ਸ਼ਾਗਰ** : ਕਿਵੇਂ ਦਾ ਵਾਤਾਵਰਨ?

**ਸ਼ੇਖਰ** : ਮਲੇਰੀਆ ਫੈਲਾਉਣ ਵਾਲੇ ਐਨਾਫਲੀਜ਼ ਕਿਸਮ ਦੇ ਮੱਛਰ ਕੇਵਲ ਉਨਾਂ ਥਾਵਾਂ 'ਤੇ ਹੀ ਆਪਣਾ ਜੀਵਨ ਚੱਕਰ ਪੂਰਾ ਕਰ ਸਕਦੇ ਹਨ ਜਿਥੋਂ ਦਾ ਤਾਪਮਾਨ 16 ਡਿਗਰੀ ਸੈਂਟੀਗ੍ਰੇਡ ਤੋਂ ਜ਼ਿਆਦਾ ਰਹਿੰਦਾ ਹੈ।

**ਵਰਿੰਦਰ** : ਅਤੇ ਇਹਨਾਂ ਥਾਵਾਂ ਦਾ ਤਾਪਮਾਨ ਇਸ ਤੋਂ ਘੱਟ ਰਹਿੰਦਾ ਹੋਵੇਗਾ ਅਤੇ ਐਨੀ ਠੰਢ ਵਿਚ ਤਾਂ ਬਹੁਤ ਹੀ ਘੱਟ ਹੋ ਜਾਂਦਾ ਹੋਣੈ।

**ਕਲਿਆਣੀ** : ਵਾਹ! ਕੀ ਤੁੱਕਾ ਲਾਇਆ ਹੈ, ਸ਼ਾਬਾਸ ਵਰਿੰਦਰ।

**ਸ਼ੇਖਰ** : ਨਹੀਂ ਕਲਿਆਣੀ, ਵਰਿੰਦਰ ਠੀਕ ਕਹਿ ਰਿਹਾ ਹੈ।

**ਵਸੁਧਾ** : ਤਾਂ ਫਿਰ ਹੁਣ ਕੀ ਹੋਵੇਗਾ ਭਾਈ ਸਾਹਿਬ?

**ਸ਼ੇਖਰ** : ਭਾਬੀ ਜੀ, ਸਾਡੀਆਂ ਗਤੀਵਿਧੀਆਂ ਕਾਰਨ ਧਰਤੀ ਗਰਮ ਹੁੰਦੀ ਜਾ ਰਹੀ ਹੈ, ਵਾਯੂਮੰਡਲ ਦਾ ਤਾਪਮਾਨ ਵਧ ਰਿਹਾ ਹੈ। ਗਲੋਬਲ ਵਾਰਮਿੰਗ ਹੀ ਹੈ ਇਸ ਪੁਆੜੇ ਦੀ ਜੜ੍ਹ।

**ਸਾਗਰ** : ਗਲੋਬਲ ਵਾਰਮਿੰਗ! ਗਲੋਬਲ ਵਾਰਮਿੰਗ ਦਾ ਮਲੇਰੀਏ ਨਾਲ ਕੀ ਲੈਣਾ-ਦੇਣਾ?

**ਸ਼ੇਖਰ** : ਲੈਣਾ-ਦੇਣਾ ਹੈ ਸਾਗਰ, ਗਲੋਬਲ ਵਾਰਮਿੰਗ ਨਾਲ ਵਾਤਾਵਰਨ ਦਾ ਤਾਪਮਾਨ ਵਧਿਆ। ਉਹ ਸਥਾਨ ਜਿਹੜਾ ਪਹਿਲਾਂ ਮੱਛਰਾਂ ਲਈ ਢੁਕਵਾਂ ਨਹੀਂ ਸੀ ਹੁਣ ਮੱਛਰਾਂ ਲਈ ਅਨੁਕੂਲ ਹੋਣ ਲੱਗਿਆ। ਜਿੱਥੇ

ਭਾਬੀ ਜੀ ਦੇ ਵੀਰ ਜੀ ਰਹਿੰਦੇ ਨੇ ਪੂਰਬੀ ਅਫਰੀਕਨ ਹਾਈਲੈਂਡ ਦੇ ਅਧੀਨ ਆਉਂਦਾ ਹੈ ਇਸ 'ਚ ਹੋਰ ਵੀ ਕਈ ਦੇਸ਼ ਆਉਂਦੇ ਹਨ।

**ਕਲਿਆਣੀ** : ਪਤਾ ਹੈ, ਅੰਕਲ ਉੱਥੇ ਕਈ ਉੱਚੀਆਂ-ਉੱਚੀਆਂ ਪਰਬਤ ਸ਼੍ਰੇਣੀਆਂ ਹਨ। ਮਾਉਂਟ ਕੇਨੀਆ, ਮਾਊਂਟ ਕਿਲੀਮੰਜਾਰੋ; ਜਿਸ ਨਾਲ ਉੱਥੇ ਦਾ ਮੌਸਮ ਠੰਡਾ ਅਤੇ ਬਹੁਤ ਸੁਹਾਨਾ ਹੁੰਦਾ ਹੈ।

**ਸ਼ੇਖਰ** : ਇਸੇ ਲਈ ਤਾਂ ਉੱਥੇ ਮਲੇਰੀਆ ਨਹੀਂ ਹੁੰਦਾ ਸੀ ਕਿਉਂਕਿ ਮਲੇਰੀਏ ਦੇ ਰੋਗਾਣੂ ਫੈਲਾਉਣ ਵਾਲੇ ਐਨਾਫਲੀਜ਼ ਮੱਛਰ ਅਜਿਹੇ ਵਾਤਾਵਰਣ ਵਿੱਚ ਪੈਦਾ ਨਹੀਂ ਹੋ ਸਕਦੇ।

**ਕਲਿਆਣੀ** : ਜਦੋਂ ਮਲੇਰੀਆ ਨਹੀਂ ਹੁੰਦਾ ਹੋਵੇਗਾ ਤਾਂ ਲੋਕਾਂ 'ਚ ਮਲੇਰੀਏ ਤੇ ਪ੍ਰਤਿ ਰੋਗ-ਰੋਧਕ ਸ਼ਕਤੀ ਵੀ ਨਹੀਂ ਹੁੰਦੀ ਹੋਵੇਗੀ, ਕਿਉਂ ਅੰਕਲ ?

**ਸ਼ੇਖਰ** : ਹਾਂ ਕਲਿਆਣੀ, ਪਰ ਹੌਲੀ-ਹੌਲੀ ਗਲੋਬਲ ਵਾਰਮਿੰਗ ਕਾਰਨ ਉੱਥੇ ਬਰਫ਼ ਦੇ ਗਲੇਸ਼ੀਅਰ ਪਿਘਲਣ ਲੱਗੇ, ਵਾਤਾਵਰਨ ਦਾ ਤਾਪਮਾਨ ਵਧਿਆ ਅਤੇ ਮੱਛਰਾਂ ਨੂੰ ਪੈਦਾ ਹੋਣ ਦਾ ਮੌਕਾ ਮਿਲਿਆ। ਇਸ ਤਰ੍ਹਾਂ ਉੱਥੇ ਵੀ ਮਲੇਰੀਆ ਸ਼ੁਰੂ ਹੋ ਗਿਆ।

**ਵਸੁਧਾ** : ਤਾਂ ਉਥੇ ਇਸ ਮਲੇਰੀਏ ਨੂੰ ਲੈ ਕੇ ਆਇਆ ਹੈ ਗਲੋਬਲ ਵਾਰਮਿੰਗ! ਗਲੋਬਲ ਵਾਰਮਿੰਗ ਤੁਸੀਂ ਦੱਸ ਰਹੇ ਸੀ ਸਾਡੇ ਕਾਰਨ ਹੋਇਆ ਹੈ! ਮਤਲਬ ਉੱਥੇ ਮਲੇਰੀਆ ਹੋਣ ਦਾ ਕਾਰਨ ਅਸੀਂ ਮਨੁੱਖ ਹੀ ਹਾਂ।

**ਸ਼ੇਖਰ** : ਕੁਝ ਅਜਿਹਾ ਹੀ ਸਮਝ ਲਓ ਭਾਬੀ ਜੀ।

**ਕਲਿਆਣੀ** : ਅਤੇ ਜਦੋਂ ਅਜਿਹੇ ਮਨੁੱਖਾਂ 'ਚ ਉੱਥੇ ਮਲੇਰੀਆ ਹੋਇਆ ਜਿਨ੍ਹਾਂ 'ਚ ਪਹਿਲਾਂ ਤੋਂ ਮਲੇਰੀਆ ਰੋਗ ਪ੍ਰਤੀ ਰੋਗ-ਰੋਧਕ ਸ਼ਕਤੀ ਨਹੀਂ ਸੀ ਤਾਂ ਉਨ੍ਹਾਂ ਲਈ ਇਹ ਜਾਨਲੇਵਾ ਬਣ ਗਿਆ।

**ਵਸੁਧਾ** : ਹਾਂ! ਭਾਬੀ ਜੀ ਦਾ ਫੋਨ ਆਇਆ ਹੈ ਕਿ ਉੱਥੇ ਮਲੇਰੀਏ ਨਾਲ ਮੌਤਾਂ ਹੋ ਰਹੀਆਂ ਹਨ ਕਿਉਂਕਿ ਉਨ੍ਹਾਂ ਲੋਕਾਂ ਵਿੱਚ ਮਲੇਰੀਏ ਨੂੰ ਝੱਲਣ ਦੀ ਸ਼ਕਤੀ ਨਹੀਂ!

**ਪਾਪਾ** : ਪਰ ਵਸੂਧਾ ਦੇ ਭਰਾ ਤਾਂ ਭਾਰਤ ਦੇ ਵਾਸੀ ਨੇ ਜਿੱਥੇ ਲੋਕਾਂ ਨੂੰ ਮਲੇਰੀਆ ਅਕਸਰ ਹੁੰਦਾ ਰਹਿੰਦਾ ਹੈ। ਭਾਰਤੀਆਂ 'ਚ ਤਾਂ ਕੁਦਰਤੀ ਰੂਪ ਨਾਲ ਹੀ ਮਲੇਰੀਏ ਦੇ ਪ੍ਰਤੀ ਇਮਿਉਨਿਟੀ ਪੈਦਾ ਹੋ ਜਾਂਦੀ ਹੈ।

**ਸ਼ੇਖਰ** : ਤੁਸੀਂ ਸਹੀ ਕਿਹਾ ਸਾਗਰ, ਅਸੀਂ ਭਾਰਤੀ ਮਲੇਰੀਏ ਦੇ ਹਮਲੇ ਦੇ ਟਾਕਰੇ ਲਈ ਕਾਫੀ ਮਜ਼ਬੂਤ ਹੁੰਦੇ ਹਾਂ।

**ਵਸੁਧਾ** : ਅੱਛਾ ਭਾਈ ਸਾਹਿਬ! ਮੈਨੂੰ ਤਾਂ ਤੁਸੀਂ ਇਹ ਦੱਸੋ ਕਿ ਵੀਰ ਜੀ ਨੂੰ ਮਲੇਰੀਏ ਤੋਂ ਕੋਈ ਵੱਡਾ ਖ਼ਤਰਾ ਤਾਂ ਨਹੀਂ ਹੈ ਨਾ?

**ਸ਼ੇਖਰ** : ਹਾਂ ਭਾਬੀ ਜੀ ਲੱਗਦਾ ਤਾਂ ਅਜਿਹਾ ਹੀ ਹੈ।

**ਵਸੁਧਾ** : ਚਲੋ ਸ਼ੁਕਰ ਹੈ! ਚਿੰਤਾ ਤਾਂ ਘਟੀ!

**ਵਰਿੰਦਰ** : ਦੇਖੋ ਪਾਪਾ, ਇਸ ਗਲੋਬਲ ਵਾਰਮਿੰਗ ਨੇ ਕੀ-ਕੀ ਬਦਲ ਦਿੱਤਾ ਹੈ, ਇੱਥੋਂ ਤੱਕ ਕਿ ਬਿਮਾਰੀਆਂ ਦਾ ਪੈਟਰਨ ਵੀ?

**ਸ਼ੇਖਰ** : ਤੂੰ ਸਹੀ ਸਮਝਿਆ ਵਰਿੰਦਰ।

**ਵਰਿੰਦਰ** : ਪਰ ਅਜਿਹਾ ਕਿਉਂ ਹੁੰਦਾ ਹੈ ਅੰਕਲ?

**ਸ਼ੇਖਰ** : ਵਰਿੰਦਰ, ਗ੍ਰੀਨ ਹਾਊਸ ਗੈਸਾਂ ਦੇ ਪ੍ਰਭਾਵ ਨਾਲ ਵਾਯੂਮੰਡਲ ਅਤੇ ਧਰਤੀ ਦਾ ਤਾਪਮਾਨ ਵਧਦਾ ਜਾ ਰਿਹਾ ਹੈ। ਅਨੁਮਾਨ ਹੈ ਕਿ ਇਸ ਸਦੀ ਦੇ ਅੰਤ ਤੱਕ ਧਰਤੀ ਦਾ ਤਾਪਮਾਨ ਸਾਢੇ 5 ਡਿਗਰੀ ਤੋਂ ਵੀ ਜ਼ਿਆਦਾ ਵਧ ਸਕਦਾ ਹੈ।

**ਵਸੁਧਾ** : ਤਾਂ ਫਿਰ ਇਸ ਦਾ ਕੀ ਪਵੇਗਾ ਪ੍ਰਭਾਵ ਭਾਈ ਸਾਹਿਬ?

**ਸ਼ੇਖਰ** : ਭਾਬੀ ਜੀ, ਇਸ ਨਾਲ ਵਾਤਾਵਰਨ 'ਚ ਬਹੁਤ ਬਦਲਾਅ ਆਉਣਗੇ। ਕਿਤੇ ਵਰਖਾ ਜ਼ਿਆਦਾ ਹੋਵੇਗੀ ਤਾਂ ਕਿਤੇ ਸੋਕਾ ਜ਼ਿਆਦਾ ਪਏਗਾ।

**ਕਲਿਆਣੀ** : ਗਰਮੀ ਵਧਣ ਕਾਰਨ ਮੱਛਰ, ਕੀਟ-ਪਤੰਗੇ ਅਸਾਨੀ ਨਾਲ ਪੈਦਾ ਹੋਣਗੇ ਅਤੇ ਫਿਰ ਇਨ੍ਹਾਂ ਦੁਆਰਾ ਫੈਲਣ ਵਾਲੀਆਂ ਬਿਮਾਰੀਆਂ ਵੀ ਵਧਣਗੀਆਂ।

**ਸ਼ੇਖਰ** : ਹਾਂ ਕਲਿਆਣੀ, ਚੀਨ ਦੇ ਅਨਹੁਈ ਪ੍ਰਾਂਤ 'ਚ ਪਹਿਲਾਂ ਮਲੇਰੀਏ ਦੇ ਇਕਾ-ਦੁਕਾ ਹੀ ਮਾਮਲੇ ਸਾਹਮਣੇ ਆਉਂਦੇ ਸਨ ਪਰ ਸੰਨ 2000 ਤੋਂ ਇਸ ਪ੍ਰਾਂਤ ਵਿੱਚ ਤਾਂ ਜਿਵੇਂ ਮਲੇਰੀਆ ਵੀ ਮਹਾਂਮਾਰੀ ਵਾਂਗ ਫੈਲਣ ਲੱਗਾ ਹੈ।

**ਸ਼ਾਗਰ** : ਤਾਂ ਕੀ ਇਹ ਵੀ ਗਲੋਬਲ ਵਾਰਮਿੰਗ ਦੇ ਕਾਰਨ ਹੀ ਹੈ?

**ਸ਼ੇਖਰ** : ਹੋਰ ਨਹੀਂ ਤਾਂ ਕੀ?

**ਵਸੁਧਾ** : ਵੀਰ ਜੀ, ਕੀ ਇਸ ਗਲੋਬਲ ਵਾਰਮਿੰਗ ਦਾ ਅਸਰ ਸਿਰਫ਼ ਮਲੇਰੀਆ ਬੁਖਾਰ 'ਤੇ ਹੀ ਪੈਂਦਾ ਹੈ?

**ਸ਼ੇਖਰ** : ਨਹੀਂ ਭਾਬੀ ਜੀ! ਅਜਿਹਾ ਨਹੀਂ! ਮਲੇਰੀਏ ਤੋਂ ਇਲਾਵਾ ਹੋਰ ਵੀ ਬਹੁਤ ਸਾਰੀਆਂ ਬਿਮਾਰੀਆਂ ਹਨ ਜਿਹੜੀਆਂ ਅੱਜ-ਕੱਲ੍ਹ ਉਨ੍ਹਾਂ ਥਾਵਾਂ 'ਤੇ ਫੈਲ ਰਹੀਆਂ ਹਨ ਜਿੱਥੇ ਉਹ ਪਹਿਲਾਂ ਕਦੇ-ਕਦਾਈ ਹੀ ਵੇਖਣ ਨੂੰ ਮਿਲਦੀਆਂ ਸਨ।

**ਕਲਿਆਣੀ** : ਬਹੁਤ ਸਾਰੀਆਂ ਬਿਮਾਰੀਆਂ?

**ਸ਼ੇਖਰ** : ਹਾਂ ਕਲਿਆਣੀ, ਬਹੁਤ ਸਾਰੀਆਂ ਬਿਮਾਰੀਆਂ ਜਿਵੇਂ ਕਿ ਚਾਗਾਜ਼ ਡਿਜ਼ੀਜ਼, ਲੀਸ਼ਮਾਨਿਆਸਿਸ, ਲਾਈਮ ਡਿਜ਼ੀਜ਼, ਬੇਬੀਸੀਓਸਿਸ, ਆਂਤ-ਕਿਰਮ, ਐਂਥਰੈਕਸ, ਹੈਜ਼ਾ, ਦਸਤਾਂ ਦੇ ਰੋਗ, ਡੇਂਗੂ, ਜ਼ੀਕਾ ਵਾਇਰਸ, ਕੀ-ਕੀ ਗਿਣੀਏ?

**ਵਰਿੰਦਰ** : ਚਾਗਾਜ਼ ਡਿਜ਼ੀਜ਼, ਇਹ ਕੀ ਅੰਕਲ?

**ਸ਼ੇਖਰ** : ਵਰਿੰਦਰ, ਇਹ ਟ੍ਰਿਪੈਨੋਸੋਮਾ ਨਾਮੀ ਇਕ-ਕੋਸ਼ਕੀ ਜੀਵ ਨਾਲ ਹੋਣ ਵਾਲੀ ਇਕ ਖ਼ਤਰਨਾਕ ਬਿਮਾਰੀ ਹੈ।

ਕਲਿਆਣੀ : ਅੰਕਲ! ਅਸੀਂ ਤਾਂ ਬਾਇਓਲੋਜੀ 'ਚ ਪੜ੍ਹਿਆ ਸੀ ਕਿ ਟ੍ਰਿਪੈਨੋਸੋਮਾ ਨਾਲ ਤਾਂ ਸਲੀਪਿੰਗ ਸਿੱਕਨੈਸ ਹੁੰਦੀ ਹੈ – ਇੱਕ ਅਜਿਹਾ ਬੁਖਾਰ ਜਿਸ ਨਾਲ ਦਿਨ 'ਚ ਬਹੁਤ ਨੀਂਦ ਆਉਂਦੀ ਹੈ।

ਸ਼ੇਖਰ : ਹਾਂ! ਠੀਕ ਹੈ। ਟ੍ਰਿਪੈਨੋਸੋਮਾ ਦੀ ਇਕ ਪ੍ਰਜਾਤੀ ਟ੍ਰਿਪੈਨੋਸੋਮਾ ਬਰੂਸਿਆਈ ਤੋਂ ਅਫਰੀਕਨ ਸਲੀਪਿੰਗ ਸਿੱਕਨੈਸ ਹੁੰਦੀ ਹੈ ਜਿਸ ਨੂੰ ਸੀ ਸੀ ਨਾਮ ਦੀਆਂ ਮੱਖੀਆਂ ਫੈਲਾਉਂਦੀਆਂ ਹਨ।

ਕਲਿਆਣੀ : **(ਗੱਲ ਕੱਟ ਕੇ)** ਪਰ ਟ੍ਰਿਪੈਨੋਸੋਮਾ ਦੀ ਇਕ ਹੋਰ ਪ੍ਰਜਾਤੀ ਟ੍ਰਿਪੈਨੋਸੋਮਾ ਕਰੂਜ਼ਿਆਈ ਤੋਂ ਚਾਗਾਜ਼ ਡਿਜ਼ੀਜ਼ ਹੁੰਦੀ ਹੈ।

ਵਰਿੰਦਰ : ਓ ਹੋ

ਸ਼ੇਖਰ : ਅਤੇ ਇਹ ਟ੍ਰਿਪੈਨੋਸੋਮਾ ਕਰੂਜ਼ੀਆਈ ਫੈਲਦੇ ਹਨ ਟ੍ਰਾਈਟੋਮਾਈਨ ਕੀਟਾਂ ਤੋਂ।

ਵਰਿੰਦਰ : ਟ੍ਰਾਈਟੋਮਾਈਨ ਕੀਟ? ਉਹ ਕੀ ਹੁੰਦੇ ਹਨ ਅੰਕਲ?

ਸ਼ੇਖਰ : ਵਰਿੰਦਰ ਇਹ ਅਜਿਹੇ ਕੀਟ ਹੁੰਦੇ ਹਨ ਜਿਹੜੇ ਹਮੇਸ਼ਾ ਚਿਹਰੇ 'ਤੇ ਹੀ ਕੱਟਦੇ ਹਨ ਇਸ ਲਈ ਇਨ੍ਹਾਂ ਨੂੰ "ਕਿਸਿੰਗ ਬਗ" ਵੀ ਕਹਿੰਦੇ ਹਨ।

ਕਲਿਆਣੀ : ਕਿਸਿੰਗ ਬਗ, ਮਜ਼ੇਦਾਰ ਨਾਮ ਅੰਕਲ!

ਸ਼ੇਖਰ : ਪਰ ਓਨੇ ਹੀ ਖ਼ਤਰਨਾਕ। ਕਲਿਆਣੀ, ਇਹ ਕੀਟ ਰਾਤ ਨੂੰ ਆ ਕੇ ਕੱਟਦੇ ਹਨ ਅਤੇ ਤੁਰੰਤ ਹੀ ਮਲ ਤਿਆਗ ਦਿੰਦੇ ਹਨ।

ਵਰਿੰਦਰ : ਅਦਭੁਤ, ਤੁਰੰਤ ਬਾਅਦ ਹੀ?

ਸ਼ੇਖਰ : ਹਾਂ ਵਰਿੰਦਰ, ਇਨ੍ਹਾਂ ਦੇ ਮਲ 'ਚ ਇਹ ਟ੍ਰਿਪੈਨੋਸੋਮਾ ਕਰੂਜ਼ਿਆਈ ਹੁੰਦਾ ਹੈ। ਕੀਟ ਦੇ ਕੱਟਣ ਨਾਲ ਖੁਰਕ ਹੋਣ ਨਾਲ ਵਿਅਕਤੀ ਜਦੋਂ ਖੁਰਕਦਾ ਹੈ ਤਾਂ ਇਹ ਟ੍ਰਿਪੈਨੋਸੋਮਾ ਯੁਕਤ ਮਲ... ਕੱਟਣ ਨਾਲ ਬਣੇ ਤਾਜ਼ੇ ਜ਼ਖਮ ਰਾਹੀਂ ਸਰੀਰ 'ਚ ਪ੍ਰਵੇਸ਼ ਕਰ ਜਾਂਦਾ ਹੈ।

ਕਲਿਆਣੀ : ਅਤੇ ਇਸ ਤਰ੍ਹਾਂ ਇਹ ਟ੍ਰਿਪੈਨੋਸੋਮਾ ਮਨੁੱਖ 'ਚ ਪਹੁੰਚ ਜਾਂਦੇ ਹਨ।

ਸ਼ੇਖਰ : ਹਾਂ ਕਲਿਆਣੀ, ਪਹਿਲੇ ਦੋ-ਤਿੰਨ ਹਫ਼ਤਿਆਂ 'ਚ ਕੱਟੇ ਗਏ ਸਥਾਨ 'ਤੇ ਹਲਕੀ ਸੋਜ ਆਉਂਦੀ ਹੈ। ਇਹ ਆਮ ਤੌਰ 'ਤੇ ਅੱਖਾਂ ਦੇ ਨੇੜੇ-ਤੇੜੇ ਆਉਂਦੀ ਹੈ। ਇਸ ਦੇ ਨੇੜੇ-ਤੇੜੇ ਜਾਂ ਗਰਦਨ ਦੀਆਂ ਗੰਢਾਂ ਸੁੱਜ ਜਾਂਦੀਆਂ ਹਨ, ਹਲਕਾ ਬੁਖਾਰ ਆਉਂਦਾ ਹੈ।

ਕਲਿਆਣੀ : ਮਤਲਬ ਆਮ ਬੁਖਾਰ ਵਰਗਾ... ਅਲੱਗ ਤੋਂ ਕੁਝ ਨਹੀਂ ਹੁੰਦਾ?

ਸ਼ੇਖਰ : ਹਾਂ ਕਲਿਆਣੀ, ਦੋ ਤਿਹਾਈ ਲੋਕ ਤਾਂ ਐਨੇ 'ਚ ਹੀ ਨਿਪਟ ਜਾਂਦੇ ਹਨ ਅਤੇ ਮਾਮਲਾ ਖ਼ਤਮ।

ਵਰਿੰਦਰ : ਅਤੇ ਬਾਕੀ ਦੇ ਇਕ ਤਿਹਾਈ?

ਸ਼ੇਖਰ : ਵਰਿੰਦਰ ਬਾਕੀਆਂ 'ਚ ਬਿਮਾਰੀ 10 ਤੋਂ 30 ਸਾਲ ਬਾਅਦ ਫਿਰ ਉਭਰਦੀ ਹੈ। ਹੁਣ ਇਹ ਦਿਲ ਨੂੰ ਆਪਣੀ ਲਪੇਟ 'ਚ ਲੈ ਲੈਂਦੀ ਹੈ ਜਿਸ ਨਾਲ ਦਿਲ ਦਾ ਅਕਾਰ ਵਧ ਜਾਂਦਾ ਹੈ ਅੰਤ: ਇਹ ਆਪਣਾ ਕੰਮ ਸਹੀ ਢੰਗ ਨਾਲ ਨਹੀਂ ਕਰ ਸਕਦਾ ਅਤੇ ਰੋਗੀ ਦੀ...

**ਵਰਿੰਦਰ** : ਮੌਤ ਹੋ ਜਾਂਦੀ ਹੈ ਨਾ, ਅੰਕਲ?

**ਵਸੁਧਾ** : ਪਰ ਵੀਰ ਜੀ, ਇਸ ਦਾ ਗਲੋਬਲ ਵਾਰਮਿੰਗ ਨਾਲ ਕੀ ਰਿਸ਼ਤਾ ਹੈ?

**ਸ਼ੇਖਰ** : ਰਿਸ਼ਤਾ ਹੈ, ਭਾਬੀ ਜੀ, ਰਿਸ਼ਤਾ ਹੈ!

**ਸ਼ਾਗਰ** : ਉਹ ਕਿਵੇਂ ਸ਼ੇਖਰ?

**ਸ਼ੇਖਰ** : ਪਹਿਲਾਂ ਇਹ ਬਿਮਾਰੀ ਲੈਟਿਨ ਅਮਰੀਕਾ ਅਤੇ ਦੱਖਣੀ ਅਮਰੀਕਾ ਵਿੱਚ ਬਹੁਤ ਹੁੰਦੀ ਸੀ।

**ਸ਼ਾਗਰ** : ਫਿਰ?

**ਸ਼ੇਖਰ** : ਪਰ ਹੁਣ ਤਾਂ ਇਹ ਉੱਤਰੀ ਅਮਰੀਕਾ 'ਚ ਵੀ ਬਾਖੂਬੀ ਦਸਤਕ ਦੇ ਚੁੱਕੀ ਹੈ, ਜਿੱਥੇ ਇਹ ਪਹਿਲਾਂ ਬਿਲਕੁਲ ਨਹੀਂ ਹੁੰਦੀ ਸੀ। ਜਾਣਦੇ ਹੋ ਕਿਉਂ?

**ਸ਼ਾਗਰ** : ਕਿਉਂ?

**ਸ਼ੇਖਰ** : ਕਿਉਂਕਿ ਗਲੋਬਲ ਵਾਰਮਿੰਗ ਕਾਰਨ ਉੱਥੇ ਦਾ ਬਦਲਿਆ ਤਾਪਮਾਨ ਟ੍ਰਾਈਟੋਮਾਈਨ ਕੀਟਾਂ ਨੂੰ ਰਾਸ ਆਉਣ ਲੱਗਿਆ ਹੈ।

**ਵਸੁਧਾ** : ਮਤਲਬ ਹੁਣ ਉੱਥੇ ਵੀ ਉਹ ਕੀ ਕਹਿੰਦੇ ਨੇ...!

**ਵਰਿੰਦਰ** : ਚਾਗਾਜ਼ ਡਿਜ਼ੀਜ਼ ...

**ਵਸੁਧਾ** : ਹਾਂ! ਚਾਗਾਜ਼ ਡਿਜ਼ੀਜ਼ ਹੋਣ ਲੱਗੀ ਹੈ?

**ਸ਼ੇਖਰ** : ਹਾਂ ਭਾਬੀ ਜੀ ਹੋਣ ਵੀ ਲੱਗੀ ਹੈ ਅਤੇ ਜ਼ਿਆਦਾ ਖ਼ਤਰਨਾਕ ਵੀ ਹੈ।

**ਕਲਿਆਣੀ** : ਉਹ ਕਿਉਂ ਅੰਕਲ?

**ਸ਼ੇਖਰ** : ਜਦੋਂ ਵਾਤਾਵਰਨ ਦਾ ਤਾਪਮਾਨ 30 ਡਿਗਰੀ ਸੈਂਟੀਗ੍ਰੇਡ ਤੱਕ ਵਧ ਜਾਂਦਾ ਹੈ ਤਾਂ ਇਨ੍ਹਾਂ ਕੀਟਾਂ ਨੂੰ ਜ਼ਿਆਦਾ ਪਿਆਸ ਲੱਗਦੀ ਹੈ ਅਤੇ ਇਸ ਪਿਆਸ ਨੂੰ ਬੁਝਾਉਣ ਲਈ ਉਹ ਵਾਰ-ਵਾਰ ਕੱਟਦੇ ਹਨ। ਵਾਤਾਵਰਨ ਦਾ ਤਾਪਮਾਨ ਵਧਣ ਨਾਲ ਉਹ ਜਲਦੀ ਹੀ ਵੱਡੇ ਹੋ ਜਾਂਦੇ ਹਨ ਅਤੇ ਖੂਨ ਚੂਸਣਾ ਸ਼ੁਰੂ ਕਰ ਦਿੰਦੇ ਹਨ ਅਤੇ ਸੰਖਿਆ ਵਿੱਚ ਵੀ ਤੇਜ਼ੀ ਨਾਲ ਵਧਦੇ ਹਨ।

**ਕਲਿਆਣੀ** : ਅੰਕਲ! ਮੈਂ ਤਾਂ ਕਿਸੇ ਅਖ਼ਬਾਰ ਦੇ ਐਤਵਾਰ ਦੇ ਅੰਕ 'ਚ ਪੜ੍ਹਿਆ ਸੀ ਕਿ ਫਾਈਲੇਰੀਆ ਵੀ ਤੇਜ਼ੀ ਨਾਲ ਵਧ ਰਿਹਾ ਹੈ।

**ਵਸੁਧਾ** : ਤਾਂ ਕੀ, ਇਹ ਵੀ ਗਲੋਬਲ ਵਾਰਮਿੰਗ ਦੇ ਕਾਰਨ ਹੀ ਹੈ?

**ਸ਼ੇਖਰ** : ਹਾਂ, ਭਾਬੀ ਜੀ, ਫਾਈਲੇਰੀਆ ਦਾ ਰੋਗਾਣੂ ਵੀ ਤਾਂ ਮੱਛਰਾਂ ਦੁਆਰਾ ਹੀ ਫੈਲਾਇਆ ਜਾਂਦਾ ਹੈ?

**ਸ਼ਾਗਰ** : ਫਿਰ?

**ਸ਼ੇਖਰ** : ਲਾਗ ਦੇ ਰੋਗਾਂ ਸਬੰਧੀ ਹੋਈ ਪਿਛਲੀ ਮੀਟਿੰਗ 'ਚ ਇਸ 'ਤੇ ਕਾਫੀ ਚਰਚਾ ਹੋਈ ਸੀ।

**ਸ਼ਾਗਰ** : ਕਿਉਂ?

**ਸ਼ੇਖਰ** : ਜੇਕਰ ਗਲੋਬਲ ਵਾਰਮਿੰਗ ਦੀ ਰਫ਼ਤਾਰ ਇਹੀ ਰਹੀ ਤਾਂ ਸੰਨ 2050 ਤੱਕ ਫਾਈਲੇਰੀਆ ਦੇ ਰੋਗੀਆਂ ਦੀ ਸੰਖਿਆ ਤਕਰੀਬਨ 3 ਗੁਣਾ ਹੋ ਜਾਵੇਗੀ।

**ਵਸੁਧਾ** : ਤਦ ਤਾਂ ਬਹੁਤ ਹੀ ਬੁਰਾ ਹਾਲ ਹੈ ਇਸ ਗਲੋਬਲ ਵਾਰਮਿੰਗ ਦੇ ਮਾਰੇ...

**ਸ਼ੇਖਰ** : ਗਲੋਬਲ ਵਾਰਮਿੰਗ ਕਾਰਨ, ਉਨ੍ਹਾਂ ਥਾਵਾਂ 'ਤੇ ਜਿੱਥੇ ਪਹਿਲਾਂ ਮੌਸਮ ਕਾਫੀ ਠੰਡਾ ਸੀ, ਬਿਮਾਰੀਆਂ.... ਜਾਂ ਤਾਂ ਵਧ ਰਹੀਆਂ ਹਨ ਜਾਂ ਜ਼ਿਆਦਾ ਖ਼ਤਰਨਾਕ ਹੁੰਦੀਆਂ ਜਾ ਰਹੀਆਂ ਹਨ ਅਤੇ ਜਾਂ ਫਿਰ ..... ਉਹ ਬਿਮਾਰੀਆਂ ਹੋ ਰਹੀਆਂ ਹਨ ਜਿਹੜੀਆਂ ਕਦੇ ਹੁੰਦੀਆਂ ਹੀ ਨਹੀਂ ਸਨ।

**ਵਸੁਧਾ** : ਮਤਲਬ ਠੰਢੇ ਦੇਸ਼ਾਂ ਵਿੱਚ ਸਮੱਸਿਆ ਜ਼ਿਆਦਾ ਹੈ, ਸ਼ੇਖਰ ਵੀਰ?

**ਸ਼ੇਖਰ** : ਹਾਂ ਭਾਬੀ ਜੀ। ਕਨਾਡਾ, ਇੰਗਲੈਂਡ ਅਤੇ ਅਮਰੀਕਾ ਦੇ ਠੰਡੇ ਹਿੱਸਿਆਂ ਵਿੱਚ ਇਕ ਖ਼ਾਸ ਕਿਸਮ ਦਾ ਖਟਮਲ ਵਰਗਾ ਜੀਵ ਹੁੰਦਾ ਹੈ ਜਿਸ ਨੂੰ ਕਾਲੀਆਂ ਲੱਤਾਂ ਵਾਲਾ ਖਟਮਲ ਜਾਂ ਡੀਅਰ ਟਿੱਕ ਕਹਿੰਦੇ ਹਨ।

**ਵਰਿੰਦਰ** : ਮਤਲਬ ਹਿਰਨ ਖਟਮਲ?

**ਸ਼ੇਖਰ** : ਇਹੀ ਕਹਿ ਲਉ, ਵੈਸੇ ਇਸ ਦਾ ਵਿਗਿਆਨਕ ਨਾਂ ਹੈ ਇਕਸੋਡੀਡਾ।

**ਕਲਿਆਣੀ** : ਇਕਸੋਡੀਡਾ?

**ਸ਼ੇਖਰ** : ਕਲਿਆਣੀ, ਇਹ ਇੱਕ ਪਾਸੇ ਜੀਵਾਣੂਆਂ ਕਾਰਨ ਹੋਣ ਵਾਲੀ ਬਿਮਾਰੀ "ਲਾਈਮ ਡਿਜ਼ੀਜ਼" ਤਾਂ ਫੈਲਾਉਂਦੇ ਹੀ ਹਨ ਪਰ ਦੂਸਰੇ ਪਾਸੇ ਇਹ ਇਕ ਕੋਸ਼ਕੀ ਜੀਵਾਂ ਕਾਰਨ ਹੋਣ ਵਾਲੀ ਬਿਮਾਰੀ 'ਬੇਬੀਸੀਓਸਿਸ' ਵੀ ਫੈਲਾਉਂਦੇ ਹਨ।

**ਸ਼ਾਗਰ** : ਤਾਂ ਫੇਰ?

**ਵਸੁਧਾ** : ਹਾਂ ਸ਼ੇਖਰ ਵੀਰ ਜੀ, ਇਸ ਵਿੱਚ ਵੀ ਕੋਈ ਗਲੋਬਲ ਵਾਰਮਿੰਗ.......?

**ਸ਼ੇਖਰ** : ਹਾਂ ਭਾਬੀ ਜੀ, ਜਿਸ ਕਾਨਫਰੰਸ ਦਾ ਮੈਂ ਪਹਿਲਾਂ ਜ਼ਿਕਰ ਕੀਤਾ ਸੀ ਉਸ ਵਿੱਚ ਇਸ ਕੀਟ ਨੂੰ ਲੈ ਕੇ ਬਹੁਤ ਫ਼ਿਕਰ ਸੀ।

**ਸ਼ਾਗਰ** : ਕਿਉਂ?

**ਸ਼ੇਖਰ** : ਕਿਉਂਕਿ ਇਕ ਤਾਂ ਇਹ ਦੋਵੇਂ ਹੀ ਬਿਮਾਰੀਆਂ ਬਹੁਤ ਖ਼ਤਰਨਾਕ ਹਨ ਅਤੇ ਦੂਜਾ ਹੁਣ ਤਾਂ ਇਹ ਕਨੇਡਾ ਅਤੇ ਰੂਸ ਦੇ ਠੰਡੇ ਇਲਾਕਿਆਂ, ਇੰਗਲੈਂਡ ਅਤੇ ਅਮਰੀਕਾ ਦੇ ਉਨ੍ਹਾਂ ਖੇਤਰਾਂ ਵਿੱਚ ਵੀ ਪਾਈਆਂ ਜਾਣ ਲੱਗੀਆਂ ਹਨ ਜਿੱਥੇ ਪਹਿਲਾਂ ਕਦੇ ਇਨ੍ਹਾਂ ਨੂੰ ਵੇਖਿਆ ਹੀ ਨਹੀ ਗਿਆ ਸੀ।

**ਵਸੁਧਾ** : ਕਿਉਂ?

**ਸ਼ੇਖਰ** : ਸ਼ਾਇਦ ਇਸ ਲਈ ਕਿ ਗਲੋਬਲ ਵਾਰਮਿੰਗ ਦੇ ਕਾਰਨ ਇਨ੍ਹਾਂ ਥਾਵਾਂ ਦਾ ਤਾਪਮਾਨ ਵਧਿਆ ਹੈ ਅਤੇ ਇਹ ਤਾਪਮਾਨ ਇਨ੍ਹਾਂ ਕੀਟਾਂ ਲਈ ਇਕਦਮ ਫਿੱਟ ਸੀ।

**ਕਲਿਆਣੀ** : ਫਿਰ ਤਾਂ ਇਹ ਫ਼ਿਕਰ ਦੀ ਗੱਲ ਤਾਂ ਹੋਈ ਹੀ ਅੰਕਲ?

**ਸ਼ੇਖਰ** : ਹਾਂ ਕਲਿਆਣੀ, ਇਸ ਤੋਂ ਇਲਾਵਾ ਇਹ ਕੀਟ ਜਿਨ੍ਹਾਂ ਰੋਗਾਂ ਨੂੰ...

**ਕਲਿਆਣੀ** : **(ਗੱਲ ਕੱਟ ਕੇ)** ਲਾਈਮ ਡਿਜ਼ੀਜ਼ ਅਤੇ ਬੇਬੀਸੀਓਸਿਸ...

**ਸ਼ੇਖਰ** : ਹਾਂ ਹਾਂ, ਇਹੀ ਲਈਮ ਡਿਜ਼ੀਜ਼ ਅਤੇ ਬੇਬੀਸੀਓਸਿਸ ਨੂੰ ਫੈਲਾਉਂਦੇ ਹਨ। ਇਨ੍ਹਾਂ ਦੀ ਗੰਭੀਰਤਾ ਵੀ ਵਧਦੇ ਤਾਪਮਾਨ ਦੇ ਨਾਲ ਵਧ ਰਹੀ ਹੈ।

**ਵਸੁਧਾ** : ਆਖਿਰ 'ਚ, ਮਨੁੱਖ ਨੂੰ ਆਪਣੇ ਕੀਤੇ ਦਾ ਫਲ ਤਾਂ ਭੁਗਤਣਾ ਹੀ ਪੈਂਦਾ ਹੈ।

**ਸਾਗਰ** : ਹਾਂ, ਕੀਤਾ ਤਾਂ ਇਹ ਸਭ ਮਨੁੱਖ ਨੇ ਹੀ ਹੈ ਪਰ ਕੁਝ ਚੀਜ਼ਾਂ ਅਜਿਹੀਆਂ ਹਨ ਜਿਨ੍ਹਾਂ ਨੂੰ ਮਨੁੱਖ ਚਾਹੁੰਦੇ ਹੋਏ ਵੀ ਰੋਕ ਨਹੀਂ ਸਕਦਾ ਸੀ।

**ਵਰਿੰਦਰ** : ਉਹ ਕੀ?

**ਸ਼ੇਖਰ** : ਜਿਵੇਂ ਵਧਦੇ ਉਦਯੋਗਿਕ ਧੰਦੇ, ਪਥਰਾਹਟੀ ਬਾਲਣਾਂ ਦਾ ਪ੍ਰਯੋਗ।

**ਵਸੁਧਾ** : ਪਰ ਭਾਈ ਸਾਹਿਬ! ਕੁਝ ਚੀਜ਼ਾਂ ਦੀ ਬੇਵਹਾ ਵਰਤੋਂ 'ਚ ਤਾਂ ਉਸ ਨੇ ਅੱਤ ਹੀ ਕਰ ਦਿੱਤੀ ਹੈ।

**ਕਲਿਆਣੀ** : ਹੁਣ ਅਮਰੀਕਾ ਨੂੰ ਹੀ ਲੈ ਲਉ। ਗ੍ਰੀਨ ਹਾਊਸ ਗੈਸਾਂ ਦਾ ਬਹੁਤ ਵੱਡਾ ਭਾਗ ਤਾਂ ਸਿਰਫ਼ ਅਮਰੀਕੀਆਂ ਦੁਆਰਾ ਹੀ ਪੈਦਾ ਕੀਤਾ ਜਾ ਰਿਹਾ ਹੈ... ਅਤੇ ਉਹ ਇਸ 'ਤੇ ਰੋਕ ਲਗਾਉਣ ਨੂੰ ਵੀ ਤਿਆਰ ਨਹੀਂ!

**ਵਸੁਧਾ** : ਪਰ ਆਖੀਰ ਵਿੱਚ ਤਾਂ ਉਨ੍ਹਾਂ ਨੂੰ ਸਮਝਣਾ ਹੀ ਪਏਗਾ।

**ਸ਼ੇਖਰ** : ਸਮਝਣਗੇ, ਪਰ ਉਦੋਂ ਤੱਕ ਤਾਂ ਡਰ ਹੈ ਬਹੁਤ ਦੇਰ ਨਾ ਹੋ ਜਾਵੇ ਕਿਤੇ!

......**ਲੜੀਵਾਰ ਦੀ ਧੁਨ**......

......**ਦ੍ਰਿਸ਼ ਬਦਲਾਅ ਸੰਗੀਤ**......

......**ਦ੍ਰਿਸ਼ ਤੀਜਾ**......

**(ਦ੍ਰਿਸ਼ ਬਦਲਾਅ ਸੰਗੀਤ**..........................**..ਮੱਧਮ ਪੈਂਦਾ ਹੈ)**

**ਸਥਾਨ: ਘਰ ਦੀ ਬੈਠਕ**

**(ਵਸੁਧਾ, ਸਾਗਰ, ਕਲਿਆਣੀ ਅਤੇ ਵਰਿੰਦਰ ਹੁਣੇ-ਹੁਣੇ ਸ਼ੇਖਰ ਕੋਲੋਂ ਮੁੜੇ ਹਨ)**

**ਕਲਿਆਣੀ** : ਪਾਪਾ ਵੈਸੇ ਅੰਕਲ ਹੈ ਤਾਂ ਬਹੁਤ ਹੁਸ਼ਿਆਰ!

**ਸ਼ਾਗਰ** : ਕੀ ਖ਼ਾਕ ਇੰਟੈਲੀਜੇਂਟ, ਇਹ ਤਾਂ ਉਨ੍ਹਾਂ ਦਾ ਰੋਜ਼ ਦਾ ਕੰਮ ਹੈ। ਹੁਣੇ-ਹੁਣੇ ਵਿਸ਼ਵ ਸਿਹਤ ਸੰਗਠਨ ਦੀਆਂ ਬੈਠਕਾਂ ਤੋਂ ਮੁੜੇ ਹਨ ਤਾਂ ਗਿਆਨ ਲਬਾਲਬ ਭਰਿਆ ਹੈ।

**ਵਸੁਧਾ** : ਤੁਹਾਡੇ ਦੋਸਤ ਹਨ ਨਾ ਇਸ ਲਈ! ਵੈਸੇ ਉਨ੍ਹਾਂ ਦੀਆਂ ਗੱਲਾਂ ਸਨ ਇਕਦਮ ਸੱਚੀਆਂ।

**ਵਰਿੰਦਰ** : ਕਿਹੜੀਆਂ ਗੱਲਾਂ ਮਾਂ?

**ਵਸੁਧਾ** : ਉਹੀ ਬਿਮਾਰੀ ਵਾਲੀ, ਜਦੋਂ ਅਸੀਂ ਬੱਚੇ ਸੀ ਤਾਂ ਕਿੱਥੇ ਹੁੰਦੇ ਸਨ ਚਿਕਨਗੁਨੀਆ ਅਤੇ ਡੇਂਗੂ?

**ਕਲਿਆਣੀ** : ਪਰ ਮਾਂ ਉਦੋਂ ਮਲੇਰੀਆ ਤਾਂ ਸੀ। ਮਲੇਰੀਆ ਨਾਲ ਕਿੰਨੀਆਂ ਮੌਤਾਂ ਹੁੰਦੀਆਂ ਸਨ, ਕਿੰਨੇ ਲੋਕ ਮਰਦੇ ਸਨ ਟੀ.ਬੀ. ਨਾਲ, ਦਸਤਾਂ ਨਾਲ, ਹੈਜ਼ੇ ਨਾਲ, ਬੋਲੋ?

**ਵਸੁਧਾ** : ਉਹ ਤਾਂ ਇਸ ਲਈ ਸੀ ਕਿ ਦਵਾਈਆਂ, ਇਲਾਜ ਅਤੇ ਜਾਂਚ ਦੇ ਸਾਧਨ ਉਦੋਂ ਚੰਗੇ ਨਹੀਂ ਸਨ।

**ਸਾਗਰ** : ਮਤਲਬ ਉਦੋਂ ਨਾਲੋਂ ਬਿਮਾਰੀਆਂ ਵਧੀਆਂ ਹਨ।

**ਵਸੁਧਾ** : ਬਿਲਕੁਲ, ਸ਼ੇਖਰ ਵੀਰ ਜੀ ਵੀ ਤਾਂ ਇਹੀ ਕਹਿ ਰਹੇ ਸੀ ਕਿ ਇਸ ਗਲੋਬਲ ਵਾਰਮਿੰਗ ਕਾਰਨ ਬਿਮਾਰੀਆਂ ਨਾ ਸਿਰਫ਼ ਵਧੀਆਂ ਹਨ, ਸਗੋਂ ਵਧੇਰੇ ਖ਼ਤਰਨਾਕ ਵੀ ਹੋਣ ਲੱਗੀਆਂ ਹਨ... ਉਨ੍ਹਾਂ ਥਾਵਾਂ 'ਤੇ ਵੀ ਹੋਣ ਲੱਗੀਆਂ ਹਨ ਜਿੱਥੇ ਉਹ ਪਹਿਲਾਂ ਨਹੀਂ ਹੁੰਦੀਆਂ ਸੀ।

......**ਲੜੀਵਾਰ ਦੀ ਧੁਨ**......

......**ਦ੍ਰਿਸ਼ ਬਦਲਾਅ ਸੰਗੀਤ**......

......**ਦ੍ਰਿਸ਼ ਚੌਥਾ**......

**(ਦ੍ਰਿਸ਼ ਬਦਲਾਅ ਸੰਗੀਤ..............................ਮੱਧਮ ਪੈਂਦਾ ਹੈ)**

**ਸੂਤਰਧਾਰ** : ਦੋਸਤੋ ਤਾਂ ਰੇਡੀਓ ਲੜੀਵਾਰ ਦੀ ਅਗਲੀ ਕੜੀ 'ਚ ਅਸੀਂ ਗੱਲ ਕਰਾਂਗੇ ਵਧਦੇ ਭੂਗੋਲਿਕ ਤਾਪਮਾਨ ਦੇ ਕਾਰਨ ਮਨੁੱਖੀ ਸਿਹਤ 'ਤੇ ਵਧਦੇ ਖ਼ਤਰਿਆਂ ਬਾਰੇ, ਕਿਹੜੀਆਂ ਬਿਮਾਰੀਆਂ ਹਨ ਜਿਹੜੀਆਂ ਇਸ ਸਦੀ ਵਿੱਚ ਮਹਾਂਮਾਰੀ ਦੇ ਵਾਂਗ ਆਉਣਗੀਆਂ ਕਿੰਨ੍ਹਾਂ ਬਿਮਾਰੀਆਂ ਦੀ ਮਾਰੂ ਸ਼ਕਤੀ ਹੋਰ ਵਧ ਸਕਦੀ ਹੈ, ਕਿਹੜੀਆਂ ਨਵੀਆਂ ਬਿਮਾਰੀਆਂ ਨਾਲ ਹੋ ਸਕਦੀ ਹੈ ਸਾਡੀ ਮੁਲਾਕਾਤ? ਤਾਂ ਜ਼ਰੂਰ ਸੁਣਿਓ ਅੱਜ ਦੇ ਹੀ ਦਿਨ, ਅੱਜ ਦੇ ਹੀ ਸਮੇਂ ਰੇਡੀਓ ਨਾਟਕ ਦੀ ਅਗਲੀ ਕੜੀ, ਤਦ ਤੱਕ ਦੇ ਲਈ ਸਤਿ ਸ੍ਰੀ ਅਕਾਲ!

---

**ਪ੍ਰਸ਼ਨ**

ਪ੍ਰਸ਼ਨ 1 : **ਤਾਪਮਾਨ ਦੇ ਵਧਣ ਨਾਲ ਬਿਮਾਰੀਆਂ 'ਤੇ ਕੀ ਪੈਂਦਾ ਹੈ ਪ੍ਰਭਾਵ?**

ਉੱਤਰ : **ਬਿਮਾਰੀਆਂ ਦਾ ਭਿਆਨਕ ਹੋ ਜਾਣਾ, ਨਵੀਆਂ ਬਿਮਾਰੀਆਂ ਆ ਜਾਣਾ ਤੇ ਜਿਨ੍ਹਾਂ ਥਾਵਾਂ 'ਤੇ ਬੀਮਾਰੀਆਂ ਨਹੀਂ ਹੁੰਦੀਆਂ ਉਥੇ ਵੀ ਸ਼ੁਰੂ ਹੋ ਜਾਣੀਆਂ!**

ਪ੍ਰਸ਼ਨ 2 : **ਕੀਨੀਆ ਦੇ ਨੈਰੋਬੀ ਵਿੱਚ ਪਹਿਲਾਂ ਮਲੇਰੀਆ ਕਿਉਂ ਨਹੀਂ ਸੀ ਹੁੰਦਾ?**

ਉੱਤਰ : **ਕਿਉਂ ਜੋ ਉਥੇ ਦੀ 16 ਡਿਗਰੀ ਤੋਂ ਘੱਟ ਤਾਪਮਾਨ ਵਾਲੀ ਠੰਢ ਵਿੱਚ ਐਨਾਫਲੀਜ਼ ਮੱਛਰ ਪਲ ਨਹੀਂ ਸੀ ਸਕਦਾ!**